# ਪਥਰਾਈਆਂ ਅੱਖਾਂ

# ਪਥਰਾਈਆਂ ਅੱਖਾਂ

ਘੁਮਾਣ ਗੌਰਵਜੀਤ

*Poetry/Punjabi Poetry*

;

**Pathraian Akhaan**

*by*

**Ghumaan Gauravjeet**
Vill- Ramgarh, P/O. Ghanaur Jattan
Teh./Distt.-Sangrur-148026
Mob: 094175-09044
gaurav-ghumaan@yahoo.com.

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2010*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਉਹਨਾਂ ਸਾਰਿਆਂ ਨੂੰ ਸਮਰਪਿਤ,

ਜੋ ਈਮਾਨ ਨਾਲ ਭਾਰਤ ਦੇਸ਼ ਅਤੇ

ਇਸਦੇ ਵਾਸੀਆਂ ਲਈ ਜ਼ਿੰਦਗੀਆਂ ਜੀਅ ਗਏ

ਅਤੇ ਵਾਰ ਗਏ।

**ਵਿਸ਼ੇਸ਼ ਸਹਿਯੋਗ:**

* ਨਵਦੀਪ
* ਜੋਬਨ
* ਰੂਬਲ
* ਦੀਪ
* ਰਵੀ (ਪਟਿਆਲਾ)
* ਰਿੰਪੀ (ਪਟਿਆਲਾ)

# ਤਤਕਰਾ


➢ ਕਵਿਤਾ ਤੋਂ ਕਿਤਾਬ ਤੱਕ 10
➢ ਸ਼ੁਕਰਗੁਜ਼ਾਰੀ 11
➢ ਮੈਂ .... 13
➢ ਕਵਿਤਾ ਤੇ ਕਾਰਤੂਸ 14
➢ ਕਵਿਤਾ ਦੇ ਕਾਰਤੂਸ 15
➢ ਅਣਗੌਲ਼ਿਆਂ ਦੇ ਨਾਂ 16
➢ ੨੧ਵੀਂ ਸਦੀ ਹੈ 17
➢ ਮੇਰੀ ਮੈਂ ...ਕੁਝ ਨਹੀਂ 18
➢ ਸੋਚ ਦਾ ਡਿੱਗਣਾ 19
➢ ਜ਼ਿੰਦਗੀ ਅਜੇ ਵੀ ਉਹੀ ਐ 20
➢ ਤੇ ਅਸੀਂ... 21
➢ ਸਵਾਦ ਆ ਜਾਵੇਗਾ 22
➢ ਮੇਰੀ ਕਵਿਤਾ ਦੇ ਕਾਤਲ 23
➢ ਓ ਬੰਦੀਵਾਨੋ .... 25
➢ ਇਨਸਾਫ਼ ਲੈਣ ਤੁਰੇ ਨੇ .... 26
➢ ਲੁਟ ਰਹੀ ਭੀੜ 27
➢ ਬੀਜਨਾਸ ਨਹੀਂ ਹੁੰਦਾ 28
➢ ਬੋਲਦਾ ਬੁੱਤ ਭਗਤ ਸਿੰਘ ਦਾ 29
➢ ਮੇਰੀ ਮੌਤ ’ਤੇ ਨਾ ਰੋਇਓ 30
➢ ਗੱਲ ਤੁਰੂਗੀ ਤਾਂ.... 31
➢ ਮੈਂ ਉਹ ਆਵਾਮ ਹਾਂ 32
➢ ਕੋਈ ਗ਼ਮ ਨਹੀਂ 34

➢ ਮਿਹਨਤਾਨਾ 35
➢ ਪਾਰਟੀਆਂ ਦੀ ਭੀੜ 36
➢ ਉਹਦੇ ਸੁਪਨਿਆਂ 'ਤੇ 37
➢ ਕੀ ਪਰਵਾਹ ਹੈ 38
➢ ਪਥਰਾਈਆਂ ਅੱਖਾਂ 'ਚੋਂ ਨੀਰ 40
➢ ਮੇਰੇ ਲੋਕਾਂ ਨੂੰ 41
➢ ਕੀ... 42
➢ ਕੀ ਇਹੀ ਹੈ ਜ਼ਿੰਦਗੀ 43
➢ ਮੁਰਦਿਆਂ ਦੀ ਜੂਨ 45
➢ ਗ਼ੁਲਾਮ 46
➢ ਬੇਕਾਰ ਵਾਲਿਦ 47
➢ ਸਰਕਾਰ ਤੋਂ ਬਿਮਾਰ ਤੱਕ 48
➢ ਅੱਖਾਂ ਲੋੜਦੀਆਂ ਨੇ 49
➢ ਕਿਉਂ ਮਰਨ ਮੇਰੇ 50
➢ ਲਹੂ ਲੱਗੇ ਮੂੰਹਾਂ ਵਾਲੇ 51
➢ ਸਵਰਾਜ 52
➢ ਹੱਥ 53
➢ ਸੰਘਰਸ਼ 54
➢ ਗ਼ਰੀਬ ਦਾ ਥੱਪੜ 55
➢ ਐਵੇਂ 56
➢ ਉਡੀਕ 57

➢ ਮੇਰੇ ਡੁੱਬਣ ਤੋਂ ਪਹਿਲਾਂ 58
➢ ਲੋਕ 59
➢ ਤਾਣਾ ਬਾਣਾ ਤੇ ਮੈਂ 60
➢ ਕਾਨੂੰਨ ਪਾਸ 62
➢ ਸਰਕਾਰ ਵਾਲਿਆਂ ਨੂੰ 63
➢ ਤਬਾਦਲੇ 64
➢ ਜਦੋਂ ਤੱਕ 66
➢ ਗੇਟ ਤੋਂ ਦੇਸ਼ ਤੱਕ 67
➢ ਕੀ ਉਮੀਦ ਕਰਾਂ 68
➢ ਸਵਾਲ 69
➢ ਕਿਰਤੀਓ ਕਿਰਸਾਨੋ 70
➢ ਬਜ਼ਾਰ 71
➢ ਗ਼ਰੀਬ ਦੀ ਕੁੜੀ ਨੂੰ... 72
➢ ਸੱਚ ਬੋਲਦੀਆਂ ਕਵਿਤਾਵਾਂ 73
➢ ਜਵਾਨੋ ..... 74
➢ ਤਰੱਕੀ ਦਾ ਪਾਠ 75
➢ ਫ਼ਰਕ 76
➢ ਝੌਂਪੜੀ 77
➢ ਲੱਤਾਂ ਅਤੇ ਹੱਥ 78
➢ ਕੀ ਇਹ ਸਹੀ ਹੈ 79
➢ ਜਾਗ ਨੀ ਭੀੜੇ 80

# ਕਵਿਤਾ ਤੋਂ ਕਿਤਾਬ ਤੱਕ

ਬਾਰ੍ਹਵੀਂ ਜਮਾਤ 'ਚ ਸਾਂ, ਸੰਨ 2002 ਵਿੱਚ, ਜਦੋਂ ਮੈਂ ਕਵਿਤਾ ਲਿਖਣੀ ਸ਼ੁਰੂ ਕੀਤੀ। ਭਾਵੁਕ ਭਾਵਨਾਵਾਂ ਦੀ ਭਾਵਧਾਰਾ ਦਿਲੋਂ ਵਹਿ ਤੁਰੀ। ਇਸ ਭਾਵਧਾਰਾ 'ਚੋਂ ਜਣੀਆਂ ਕੁਝ ਕਵਿਤਾਵਾਂ, ਮੈਂ ਲਿਖੀਆਂ ਤੇ ਪਾੜ ਦਿੱਤੀਆਂ, ਜੋ ਭਾਵਾਂ ਦੇ ਡੂੰਘੇ ਵਹਿਣ 'ਚੋਂ ਬਾਹਰ ਮੈਨੂੰ ਬੇਅਰਥ ਦਿਸੀਆਂ। ਕਈ ਕਵਿਤਾਵਾਂ ਮੈਂ ਮੇਰੇ 'ਨਿੱਜ' ਨੂੰ ਹੀ ਸਮਰਪਿਤ ਕੀਤੀਆਂ ਤੇ ਸਾਂਭ ਲਈਆਂ, ਜੋ ਬੰਦ ਨੇ ਕਈ ਕਾਪੀਆਂ ਦੇ ਪੰਨਿਆਂ 'ਚ, ਤੇ ਮੇਰੇ ਖੋਲ੍ਹਣ 'ਤੇ ਈ ਬੋਲਦੀਆਂ ਨੇ।

ਪਿਛਲੇ ਵਰ੍ਹੇ ਜਦੋਂ ਮੈਂ ਪੰਜਾਬੀ ਯੂਨੀਵਰਸਿਟੀ ਦਾ ਹਾਲੇ ਐੱਮ. ਫਿਲ. ਦਾ ਵਿਦਿਆਰਥੀ ਬਣਿਆ ਈ ਸੀ, ਸ਼ਹੀਦ ਭਗਤ ਸਿਹੁੰ ਦੇ ਜਨਮ ਦਿਹਾੜੇ 'ਤੇ, ਏਥੇ ਸੱਭਿਆਚਾਰਕ ਮੇਲਾ ਕਰਵਾਇਆ ਗਿਆ। ਇਹ ਮੇਲਾ ਭਗਤ ਸਿੰਘ ਨੂੰ ਹੀ ਸਮਰਪਿਤ ਸੀ। ਉਸ ਵੇਲੇ ਮੈਨੂੰ ਬੜੀ ਹੈਰਾਨੀ ਹੋਈ ਜਦੋਂ, ਵਿਦਿਆਰਥੀ ਅਤੇ ਹੋਰ ਲੋਕ ਜਿੰਨੇ ਵੀ ਹਾਲ 'ਚ ਸ਼ਾਮਲ ਸਨ, ਮਸਾਂ ਇੱਕ ਗੀਤ ਹੀ 'ਭਗਤ ਸਿੰਘ' ਬਾਰੇ ਸੁਣ ਸਕੇ। ਤੇ ਫੇਰ ਉਸਤੋਂ ਬਾਅਦ ਤਾਂ ਭਗਤ ਸਿੰਘ ਅਤੇ ਉਸ ਦੀ ਸੋਚ 'ਕੁੜੀ-ਮੁੰਡੇ' ਦੇ ਇਸ਼ਕੀਆ ਗੀਤਾਂ ਥੱਲੇ ਦਬ ਕੇ ਰਹਿ ਗਏ। ਓਸ ਮਾਹੌਲ ਵਿਚ ਮੇਰੇ ਅੰਦਰ ਦੀਆਂ ਭਾਵਨਾਵਾਂ ਦੀਆਂ ਲਹਿਰਾਂ 'ਚੋਂ ਪਹਿਲੀ ਕਵਿਤਾ, "ਮੈਂ ਉਹ ਆਵਾਮ ਹਾਂ" ਨਿੱਕਲੀ। ਫੇਰ ਹੌਲੀ ਹੌਲੀ ਬਾਹਰ ਘਟਨਾਵਾਂ ਮਾਹੌਲ ਸਿਰਜਦੀਆਂ ਗਈਆਂ ਤੇ ਮੇਰੇ ਅੰਦਰ ਕੋਈ ਨਾ ਕੋਈ ਕਵਿਤਾ ਫੁੱਟਦੀ ਰਹੀ। ਤਕਰੀਬਨ ਇੱਕ ਸਾਲ ਦੇ ਸਮੇਂ ਮਗਰੋਂ ਮੈਂ, ਮੇਰੀ ਅਪ੍ਰੱਪਕ ਜਿਹੀ ਸੋਚ ਨੂੰ, ਮਹਾਨ ਕਲਮ ਦੀ ਸਾਂਝ ਨਾਲ, "ਕਾਵਿ ਸੰਗ੍ਰਹਿ" ਦਾ ਰੂਪ ਦੇਣ 'ਚ ਸਮਰੱਥ ਹੋਇਆ ਹਾਂ। ਬੱਸ, ਏਨੀ ਕੁ ਹੀ ਆਸ ਵਿੱਚ ਹਾਂ ਕਿ:

ਨੌਜਵਾਨੋਂ ਕੀ ਬਾਜ਼ੂਓਂ ਸੇ ਐਸੀ ਲਹਿਰ ਉਠੇ,
ਕਿ ਵਤਨ ਕੀ ਮਿੱਟੀ ਕਾ,
ਮੈਂ ਭੀ ਕੁਛ ਕਰਜ਼ ਚੁਕਾ ਜਾਊਂ।

ਘੁਮਾਣ ਗੌਰਵਜੀਤ
094175-09044

# ਸ਼ੁਕਰਗੁਜ਼ਾਰੀ

* ਸ਼ੁਕਰਗੁਜ਼ਾਰ ਹਾਂ ਉਹਨਾਂ ਸਭ ਮਹਾਨ ਸ਼ਖ਼ਸੀਅਤਾਂ ਦਾ, ਜਿਨ੍ਹਾਂ ਕਰਕੇ ਮੇਰੀ ਸੋਚ ਵਿੱਚ ਨਿੱਗਰ ਵਿਚਾਰ ਆਏ।
* ਸ਼ੁਕਰਗੁਜ਼ਾਰ ਹਾਂ, ਮੇਰੀ 'ਮਾਂ' ਦਾ, ਜਿਸਨੇ ਮੇਰੀ ਸੋਚ ਨੂੰ ਕਦੇ ਨਿਘਰਣ ਨਹੀਂ ਦਿੱਤਾ, ਤੇ ਹਮੇਸ਼ਾ ਚੰਗੀ ਸੇਧ ਦਿੱਤੀ।
* ਸ਼ੁਕਰਗੁਜ਼ਾਰ ਹਾਂ, ਉਸਤਾਦ ਓਮ ਪ੍ਰਕਾਸ਼ ਗਾਸੋ ਜੀ ਦਾ, ਜਿਨ੍ਹਾਂ ਨੇ ਮੈਨੂੰ ਜੀਵਨ ਜਾਚ ਦੱਸੀ ਅਤੇ ਸਦਾ ਹੀ ਚੰਗਾ ਪੜ੍ਹਨ ਤੇ ਲਿਖਣ ਲਈ ਪ੍ਰੇਰਿਆ।
* ਸ਼ੁਕਰਗੁਜ਼ਾਰ ਹਾਂ, ਬਾਈ ਅਲੀ ਰਾਜਪੁਰਾ ਦਾ, ਜਿਸਤੋਂ ਲਿਖਣ ਦੀਆਂ ਬਾਰੀਕੀਆਂ ਸਿੱਖੀਆਂ। ਮੇਰੀ ਤੇ ਸਾਹਿਤ ਦੀ ਸਾਂਝ ਦਾ ਉਹ ਪਹਿਲਾ ਮਿੱਤਰ ਹੈ, ਜਿਸਨੇ 'ਵੱਡਾ ਵੀਰ' ਬਣਕੇ ਮੈਨੂੰ ਸਾਹਿਤਿਕ ਖੇਤਰ ਵਿੱਚ ਖਿੱਚਿਆ ਅਤੇ ਨਾਲ਼ੋ-ਨਾਲ਼ ਅੱਗੇ ਤੋਂ ਅੱਗੇ ਵਧਣ ਵਿੱਚ ਹਰ ਤਰ੍ਹਾਂ ਨਾਲ ਮੈਨੂੰ ਸਹਿਯੋਗ ਦਿੱਤਾ।
* ਸ਼ੁਕਰਗੁਜ਼ਾਰ ਹਾਂ, ਪੰਜਾਬੀ ਲੋਕਾਂ ਨੂੰ ਸਾਫ਼ ਸੁਥਰੀ ਗਾਇਕੀ ਦੇਣ ਵਾਲੇ ਗੁਰਮੀਤ ਬਾਵਾ ਪਰਿਵਾਰ ਦਾ, ਜਿਹੜਾ ਮੇਰਾ ਆਪਣਾ ਬਣ ਗਿਆ।
* ਸ਼ੁਕਰਗੁਜ਼ਾਰ ਹਾਂ, ਬਾਈ ਗੁਰਪ੍ਰੀਤ ਸਿੰਘ ਜੋ ਕੈਨੇਡਾ ਰਹਿੰਦੇ ਹੋਏ ਵੀ ਮੇਰੇ ਨਾਲ ਹੈ ਅਤੇ ਵੱਡਾ ਬਾਈ ਬਣਕੇ ਮੇਰੀ ਹਰ ਲੋੜ ਨੂੰ ਪੂਰਾ ਕਰਦੈ।
* ਸ਼ੁਕਰਗੁਜ਼ਾਰ ਹਾਂ ਮੇਰੇ ਰੱਬ ਵਰਗੇ ਯਾਰ ਫੌਜੀ (ਹਰਦੀਪ ਸਿੰਘ), ਗੁਰੀ (ਗੁਰਪ੍ਰੀਤ ਸਿਰਸਾ), ਡਕ (ਪੰਕਜ), ਭਓ (ਨਿਰਭੈ), ਮੁਨਸ਼ੀ, ਕੁਲਦੀਪ, ਮਹਿਤਾਬ, ਭੱਟੀ (ਗੁਰਪ੍ਰੀਤ), ਜੱਸੀ (ਕੁਲਵੰਤ), ਦੀਪਕ, ਮਨਦੀਪ ਸਿੰਘ (ਖੰਨਾ), ਸੋਨੀ (ਗੁਰਵਿੰਦਰ), ਬਪ (ਬਲਰਾਜ ਸਿੰਘ), ਕੰਡ (ਸੋਨੂੰ ਮੰਡੌਲੀ), ਕ. ਬ. (ਕੁਲਦੀਪ ਸਿੰਘ), ਅਤੇ ਕੁਲਜੀਤ ਸੰਧੂ ਹੁਰਾਂ ਦਾ ਜਿਨ੍ਹਾਂ ਦੇ ਪਿਆਰ ਸਦਕਾ ਮੇਰੀ ਜ਼ਿੰਦਗੀ 'ਚ ਹੁਲਾਰ ਹੈ।

* ਸ਼ੁਕਰਗੁਜ਼ਾਰ ਹਾਂ, ਮੇਰੀ ਪੰਜਾਬੀ ਯੂਨੀਵਰਸਿਟੀ ਵਾਲੀ ਮੰਡਲੀ ਦਾ, ਜਿਸ 'ਚ ਕ. ਤ. (ਰਜਿੰਦਰ), ਗਦੜ (ਗੁਰਮੀਤ), ਕਬੜ (ਜਗਜੀਤ), ਜੀਵ...ਨਾ..., ਸੇਵ...ਕਾ..., ਮਹਜ (ਕਮਲ), ਢਠ (ਰੌਕੀ), ਜਸ (ਜਸਵੀਰ), ਲਹਿਰੇ ਆਲਾ (ਮਨਦੀਪ), ਮ. ਟ. (ਪਲਵਿੰਦਰ), ਭਰ (ਮਲਕੀਤ), ਲੋਹਾ ਚੱਕ (ਸਿਮਰਨ), ਮਿੱਠਾ (ਤਲਵਿੰਦਰ), ਵਰਗੇ ਯਾਰ ਜ਼ਿੰਦਗੀ ਦੇ ਰਾਹ ਦੇ ਪਾਂਧੀ ਬਣ ਕੇ ਨਾਲੋਂ-ਨਾਲ ਤੁਰ ਰਹੇ ਨੇ ਤੇ ਦੋਸਤੀ ਦੇ ਸੋਹਣੇ ਪਲ ਮੈਨੂੰ ਦੇ ਰਹੇ ਨੇ।
* ਸ਼ੁਕਰਗੁਜ਼ਾਰ ਹਾਂ ਤੁਹਾਡਾ ਸਾਰਿਆਂ ਦਾ, ਜਿਹੜੇ ਮੇਰੀ ਸੋਚ ਨੂੰ ਪੜ੍ਹਨ ਲਈ ਵਕਤ ਦੇ ਰਹੇ ਹੋ।

ਘੁਮਾਣ ਗੌਰਵਜੀਤ

## ਮੈਂ ....

* ਮੈਂ ਪਾਸ਼ ਨੂੰ ਨਹੀਂ ਜਾਣਦਾ,
ਨਾ ਹੀ ਪਾਠਕ ਹਾਂ,
ਉਹਦੀਆਂ ਲਿਖ਼ਤਾਂ ਦਾ।

* ਕਾਰਲ ਮਾਰਕਸ ਵੀ ਮੇਰੇ ਜ਼ਿਹਨ 'ਚ ਨਹੀਂ,
ਅਤੇ ਨਾ ਹੀ ਮਾਰਕਸਵਾਦ,
ਮੇਰੀ ਜ਼ਿੰਦਗੀ ਦੇ ਫ਼ਲਸਫ਼ੇ 'ਚ ਉਲਝਿਐ।

* ਨਾ ਹੀ ਨਕਸਲੀ,
ਬੱਬਰ ਜਾਂ ਕਾਮਰੇਡ ਹਾਂ,
ਜੋ ਸ਼ਾਇਦ ਲੜਦੇ ਨੇ ਕਿਸੇ ਆਜ਼ਾਦੀ ਲਈ।

* ਮੈਂ ਤਾਂ ਬਸ ਉਹ ਆਦਮੀ ਹਾਂ,
ਜੋ ਕੋਸ਼ਿਸ਼ ਵਿੱਚ ਲੱਗਾ ਹੈ,
ਇਨਸਾਨ ਬਣਕੇ ਇਨਸਾਨੀਅਤ ਸਮਝਣ ਦੀ।

* ਹਾਂ, ਉਹੋ ਹੀ ਹਾਂ ਜੋ,
ਇਨਸਾਨ ਹੋਣ ਦੀ ਕੋਸ਼ਿਸ਼ ਕਰਦਾ,
ਪਰੋਂਦਾ ਰਹਿੰਦੈ ਵਿਚਾਰਾਂ ਨੂੰ ਹਰਫ਼ਾਂ ਵਿੱਚ।

## ਕਵਿਤਾ ਤੇ ਕਾਰਤੂਸ

ਕਾਰਤੂਸ ਤੇ ਕਵਿਤਾ,
ਕਵਿਤਾ ਤੇ ਕਾਰਤੂਸ,
ਕੁਝ ਵੀ ਲਿਖੋ,
ਇਹ ਦੋ ਨਹੀਂ ਹਨ।
ਇੱਕੋ ਹੀ ਹਨ, ਹਾਂ ਇੱਕੋ ਹੀ,
ਤੇ ਇੱਕੋ ਜਿਹਾ ਮੰਤਵ ਹੈ,
ਹਿਲਾ ਕੇ ਰੱਖ ਦੇਣਾ,
ਤੇ ਚਿੱਤ ਕਰ ਦੇਣਾ।
ਹਾਂ, ਤੇ ਹੁਣ,
ਕਵਿਤਾ, ਕਾਰਤੂਸ ਨਹੀਂ ਰਹਿ ਗਈ,
ਨਾ ਕਾਰਤੂਸ ਕਵਿਤਾ,
ਕਿਉਂਕਿ ਹੁਣ ਦਮ ਨਹੀਂ ਰਹਿ ਗਿਆ,
ਲੇਖਕ ਦੀ ਸੋਚ,
ਤੇ ਉਸ ਵਿੱਚੋਂ ਬਣਨ ਵਾਲੇ,
ਕਾਰਤੂਸਾਂ ਵਿੱਚ।
ਅਤੇ ਨਾ ਹੀ,
ਉਹ ਕਾਰਤੂਸ ਰਹਿ ਗਏ,
ਜੋ ਸੱਚ ਲਈ ਚੱਲਣ।

## ਕਵਿਤਾ ਦੇ ਕਾਰਤੂਸ

ਜਦੋਂ ਹੈਵਾਨਾਂ ਦੀ ਅੱਖ ਖੁੱਲ੍ਹੀ,
ਤੇ ਮਨੁੱਖਤਾ ਦਬਣ ਲੱਗੀ,
ਫਿਰ ਕੁਚਲੇ ਹੋਏ ਮਨੁੱਖਾਂ 'ਚੋਂ,
ਕੁਝ ਰੇਂਗਣ ਵਾਲੇ,
ਤੇ ਕੁਝ ਗੋਡਣੀਂਏ ਰਿੜ੍ਹਦੇ,
ਪੈਰਾਂ 'ਤੇ ਖੜ੍ਹੇ ਹੋਏ,
ਇਨਕਲਾਬੀ ਸੋਚ ਦੀ,
ਬਾਰੂਦੀ ਖਾਣ 'ਚੋਂ,
ਕਲਮ ਰੂਪੀ ਰਿਵਾਲਵਰ ਨਾਲ,
ਕਵਿਤਾ ਰੂਪੀ ਕਾਰਤੂਸ ਚਲਾਏ,
ਹੈਵਾਨਾਂ ਦੀ ਵੱਖੀ ਵਿੰਨ੍ਹੀ ਗਈ,
ਤੇ ਫੇਰ ਮਨੁੱਖਤਾ ਜਿੱਤ ਗਈ।

ਹੌਲੀ-ਹੌਲੀ ਫਿਰ ਹੈਵਾਨ ਜਾਗੇ,
ਬਹੁਗਿਣਤੀ ਵਿੱਚ,
ਤੇ ਫੇਰ ਕਾਰਤੂਸ ਚੱਲੇ,
ਤੇ ਮਨੁੱਖਤਾ ਜਿੱਤਦੀ ਗਈ।

ਪਰ ਅੱਜ,
ਹਾਂ ਅੱਜ, ਮਨੁੱਖ ਘਟ ਗਏ ਨੇ,
ਤੇ ਹੈਵਾਨ ਜਾਗ ਚੁੱਕੇ ਹਨ,
ਮਨੁੱਖਾਂ ਤੋਂ ਕਿਤੇ ਜ਼ਿਆਦਾ,

ਤੇ ਹੁਣ ਫਿਰ ਲੋੜ ਹੈ,
ਇਹਨਾਂ ਬਹੁਰੂਪੀਏ ਹੈਵਾਨਾਂ ਨੂੰ,
ਕਵਿਤਾ ਰੂਪੀ ਇਨਕਲਾਬੀ ਕਾਰਤੂਸਾਂ ਦੀ।

## ਅਣਗੌਲ਼ਿਆਂ ਦੇ ਨਾਂ

ਅਣਗੌਲ਼ੇ ਹੋ ਆਪਣੀ ਨਸਲ ਤੋਂ,
ਪਰ ਮੇਰੀ ਕਵਿਤਾ ਤੋਂ ਨਹੀਂ।
ਓ ਅਣਵਾਹੇ ਸਿਰਾਂ ਵਾਲਿਓ,
ਅਣਨ੍ਹਾਤਿਓ, ਅਣਧੋਤੇ ਕੱਪੜਿਆਂ ਵਾਲਿਓ,
ਤੁਸੀਂ ਹੀ ਤਾਂ ਹੋਂ,
ਬੇਦਾਗ਼,
ਓ ਦਾਗ਼ੀ ਲੀੜਿਆਂ ਵਾਲਿਓ।
ਤੁਸੀਂ ਹੀ ਤਾਂ ਹੋ,
ਘੁਟਾਲਿਆਂ ਤੋਂ ਦੂਰ,
ਓ ਸਿਆਸਤ ਤੋਂ ਅਣਜਾਣਿਓ।
ਤੁਸੀਂ ਹੀ ਤਾਂ ਹੋ,
ਮਿੱਟੀ ਦੇ ਲਾਲ,
ਤਾਂ ਹੀ ਤਾਂ ਤੁਹਾਡਾ,
ਮੈਂ ਸ਼ੁਕਰੀਆ ਅਦਾ ਕਰਨਾ।
ਐ ਕਾਗ਼ਜ਼ ਚੁਗਣ ਵਾਲਿਓ,
ਤੁਸੀਂ ਮਹਾਨ ਹੋ,
ਮਹਾਨ ਹੋ,
ਕਿਉਂਕਿ ਰੁਤਬੇ ਵਾਲਿਆਂ ਦਾ ਕਚਰਾ,
ਖ਼ਰੋਲਦੇ ਓ, ਫਰੋਲਦੇ ਓ,
ਚੁਗ਼ਦੇ ਓ ਗੰਦੇ ਲਿਫ਼ਾਫੇ ਤੇ ਪਲਾਸਟਿਕ,
ਤੇ ਇਸ ਤਰ੍ਹਾਂ,
ਤੁਸੀਂ ਮੇਰੀ ਮਾਂ ਨੂੰ,
ਹਾਂ, ਮਾਂ ਨੂੰ,
ਧਰਤੀ ਮਾਂ ਨੂੰ ਸਫ਼ਾਈ ਬਖ਼ਸ਼ਦੇ ਓ।
ਮਹਾਨ ਓ ਤੁਸੀਂ,
ਤੁਸੀਂ ਮਹਾਨ ਹੋ।

## ੨੧ਵੀਂ ਸਦੀ ਹੈ

੨੧ਵੀਂ ਸਦੀ ਹੈ,
ਤੇ ਕੱਲ੍ਹ ਪਹਿਲੀ ਜਨਵਰੀ,
ਜੋ ਸਾਲ ਦਰ ਸਾਲ,
ਆਉਂਦੀ ਹੈ ਇੱਕ ਨਵਾਂ ਜਸ਼ਨ ਲੈ ਕੇ,
ਟੀ. ਵੀ. ਵਾਲਿਆਂ ਲਈ,
ਤੇ ਮੂਕ ਦਰਸ਼ਕਾਂ ਲਈ।
ਉਨ੍ਹਾਂ ਲਈ ਜੋ,
੩੧ ਦਸੰਬਰ ਤੇ ੧ ਜਨਵਰੀ ਵਾਲੀ ਸਾਂਝੀ ਰਾਤ,
ਰੁਸ਼ਨਾਉਂਦੇ ਨੇ ਰੌਸ਼ਨੀ ਬੱਤੀਆਂ ਨਾਲ,
ਜਾਂ ਦਾਰੂ ਤੇ ਗੱਲਾਂ ਤੱਤੀਆਂ ਨਾਲ,
ਜਾਂ ਫਿਰ ਟਕਰਾਉਂਦੇ ਨੇ ਨੱਤੀਆਂ ਪੱਤੀਆਂ ਨਾਲ,
ਤੇ ਜਾਂ ਤਾਂ ਨਚਦੇ ਨੇ ਯਾਰਾਂ ਛੱਤੀਆਂ ਨਾਲ।
ਤੇ ਉਹਨਾਂ ਲਈ,
ਕਾਹਦਾ ਮੁਬਾਰਕ,
ਜਿਹਨੇ ਹਰ ਦਿਨ ਵਾਂਗੂੰ,
ਇਹੀ ਸੋਚਣੈ,
ਕਿ ਸ਼ੌਰੇ ਸ਼ਾਮ ਨੂੰ,
ਢਿੱਡ ਭਰੂਗਾ ਜਾਂ ਨਾ।
ਕਾਹਦਾ ਮੁਬਾਰਕ,
ਉਹਨਾਂ ਲਈ,
ਜਿਹਨੇ ਆਪਣੇ ਸਾਈਕਲ ਦੀ ਟੱਲੀ ਦੀ,
ਬੰਦ ਹੋਈ ਟੁਣਕਾਰ ਨੂੰ,
ਟੁਣਕਾਉਣ ਦਾ ਓਪਰਾ ਜਿਹਾ ਯਤਨ ਕਰਕੇ,
ਰੋਜ਼ਾਨਾ ਵਾਂਗ ਕੰਮ ਮਿਲਣ ਦੀ ਆਸ 'ਚ,
ਅੱਡੀ ਮਾਰ ਦੇਣੀ ਐ।
ਜੇ ਉਹਨਾਂ ਸੋਚਣੈ,
ਤਾਂ ਬੱਸ ਇਹੋ,
ਕਿ ਜ਼ਿੰਦਗੀ ਦਾ ਆਹ ਵਰ੍ਹਾ,
ਚਲੋ, ਇਹ ਵੀ ਲੰਘ ਗਿਆ,
ਤੇ ਫੇਰ ਉੱਪਰ ਨੂੰ ਦੇਖ,
ਆਖ਼ ਛੱਡਣੈ,
ਕਿ ਬਾਕੀ ਵੀ ਲੰਘ ਜਾਣਗੇ।

## ਮੇਰੀ ਮੈਂ ...ਕੁਝ ਨਹੀਂ

ਮੈਂ ਮਾਰਕਸਵਾਦੀ ਨਹੀਂ ਹਾਂ,
ਨਾ ਹੀ ਸਟਾਲਿਨ ਦੀ ਜ਼ਿੰਦਗੀ 'ਚ,
ਮੇਰੀ ਕੋਈ ਰੁਚੀ ਹੈ।
ਮੈਂ ਕਿਸੇ ਮਜ਼ਦੂਰ ਸੰਘ ਦਾ ਮੈਂਬਰ,
ਜਾਂ ਕਿਸੇ ਯੂਨੀਅਨ ਦਾ ਕਰਿੰਦਾ ਵੀ ਨਹੀਂ ਹਾਂ।
ਮੈਂ ਆਪ ਵੀ ਮਜ਼ਦੂਰ ਨਹੀਂ,
ਨਾ ਹੀ ਮੇਰੇ ਮਾਪੇ ਮਜ਼ਦੂਰੀ 'ਚ ਸ਼ਾਮਲ ਹਨ।
ਮੈਂ ਤਾਂ ਬਸ ਮੈਂ ਹਾਂ,
ਮੇਰੀ ਮੈਂ, ਕੁਝ ਨਹੀਂ-
ਬੱਸ ਇੱਕ ਸੋਚ ਹੈ,
ਉਹ ਸੋਚ,
ਜਿਹੜੀ ਦਿਹਾੜੀ ਕਰਦੇ ਕਿਰਤੀ,
ਅਤੇ ਸਾਰੇ ਦੇਸ਼ ਦੇ ਪ੍ਰਮੁੱਖ ਪ੍ਰਤੀਨਿਧੀ,
ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਕੰਮਾਂ ਵਿੱਚ,
ਕਿਰਤ ਤੇ ਕਿਰਤੀ ਪੱਖੋਂ ਅੰਤਰ ਨਹੀਂ ਮੰਨਦੀ।
ਉਹ ਸੋਚ, ਜੋ ਕਿਰਤ ਨੂੰ ਕਿਰਤ ਮੰਨਦੀ,
ਨਿਮਨ ਕਰਦੀ,
ਉੱਚਾ ਦਰਜਾ ਦਿੰਦੀ ਹੈ,
ਭਾਵੇਂ ਉਹ ਕਿਸੇ ਮਜ਼ਦੂਰ ਦੀ ਹੋਵੇ,
ਜਾਂ ਕਿਸੇ ਅਹੁਦੇਦਾਰ ਜਾਂ ਮੰਤਰੀ ਦੀ।
ਉਹ ਸੋਚ,
ਜਿਸ ਅੰਦਰ ਮਜ਼ਦੂਰ ਅਤੇ ਮਜ਼ਦੂਰੀ ਨੂੰ,
ਘਿਰਣਾ ਕਰਨ ਦੀ ਆਦਤ ਨਹੀਂ ਭਰੀ,
ਬਸ ਇਨਸਾਨ ਨੂੰ ਇਨਸਾਨ,
ਅਤੇ ਉਸ ਦੀ ਸੋਹਣੀ ਕਿਰਤ ਨੂੰ,
ਮਹਾਨ ਕਰਕੇ ਮੰਨਦੀ ਹੈ।

## ਸੋਚ ਦਾ ਡਿੱਗਣਾ

ਪਾਰਲੀਮੈਂਟ ਦਾ ਡਿੱਗਣਾ ਖ਼ਤਰਨਾਕ ਨਹੀਂ,
ਕਿਉਂਕਿ ਸੋਚ ਵਿੱਚੋਂ ਆਵਾਜ਼ ਉੱਠਦੀ ਹੈ,
ਤੇ ਆਵਾਜ਼ 'ਚੋਂ ਪਾਰਲੀਮੈਂਟ ਡਿੱਗਦਾ ਹੈ।
ਹੀਰੋਸ਼ੀਮਾ ਅਤੇ ਨਾਗਾਸਾਕੀ ਤੇ ਬੰਬਾਂ ਦਾ ਡਿੱਗਣਾ,
ਇਹ ਵੀ ਓਨਾ ਖ਼ਤਰਨਾਕ ਨਹੀਂ,
ਜਿਨ੍ਹਾਂ ਕਿਸੇ ਸੋਚ 'ਚੋਂ ਉਪਜੇ,
ਐਟਮੀ ਹਥਿਆਰਾਂ ਦਾ।
ਵੱਡੇ-ਵੱਡੇ ਗਲੇਸ਼ੀਅਰਾਂ ਦਾ ਵੀ,
ਪਿਘਲ-ਪਿਘਲ ਡਿੱਗਣਾ ਖ਼ਤਰਨਾਕ ਨਹੀਂ,
ਜਿਨ੍ਹਾਂ ਕਿ ਮਨੁੱਖ ਦੀ ਸੋਚ 'ਚੋਂ,
ਡਿੱਗ ਰਹੇ ਦਰਖ਼ਤਾਂ ਦਾ।
ਪੂੰਜੀਪਤੀਆਂ ਦਾ, ਕਿਰਤੀਆਂ 'ਤੇ ਬੰਬਾਂ ਵਾਂਗੂ ਡਿੱਗਣਾ,
ਇਹ ਵੀ ਖ਼ਤਰਨਾਕ ਨਹੀਂ,
ਜਿਨ੍ਹਾਂ ਕਿ ਕਿਰਤੀਆਂ ਦੀ ਡਿੱਗੀ ਹੋਈ ਸੋਚ,
ਜਿਹੜੀ ਇਹਨਾਂ ਨੂੰ ਡਿੱਗਣ ਦਿੰਦੀ ਐ।
ਸਭ ਤੋਂ ਖ਼ਤਰਨਾਕ ਹੁੰਦੈ ਸੋਚ ਦਾ ਡਿੱਗਣਾ,
ਜਿਹਦੇ ਕਰਕੇ ਇਨਸਾਨ ਅਤੇ ਇਨਸਾਨੀਅਤ,
ਦੋਵੇਂ ਮਰ ਰਹੇ ਨੇ।

## ਜ਼ਿੰਦਗੀ ਅਜੇ ਵੀ ਉਹੀ ਐ

ਜਿਊਂਦੀ ਜ਼ਿੰਦਗੀ 'ਚ ਜਦ ਟੱਬਰ ਪਾਲਣ ਦਾ ਫ਼ਰਜ਼ ਆ ਗਿਆ,
ਮਾਲੀਏ ਦੀ ਜਗ੍ਹਾ ਬੈਂਕਾਂ ਦਾ ਕਰਜ਼ ਆ ਗਿਆ,
ਜਿਉਣ ਦੀ ਜਗ੍ਹਾ ਦਿਨ ਕਟੀ ਦਾ ਮਰਜ਼ ਆ ਗਿਆ,
ਫਿਰ ਸਰਕਾਰੇ ਸਿਰ ਚੜ੍ਹ ਕੇ,
ਫ਼ਾਹੀ ਮੌਤ ਦੀ ਬਣਦੀ ਐ ਰਾਹ ਸ਼ਮਸ਼ਾਨ ਦੀ,
ਵਰ੍ਹਿਆਂ ਦੇ ਬਾਅਦ ਜ਼ਿੰਦਗੀ,
ਅਜੇ ਵੀ ਉਹੀ ਐ ਕਿਰਸਾਣ ਦੀ।

ਉੱਚੀ ਜ਼ਿੰਦਗੀ 'ਚ ਸਾਈਕਲ ਤੋਂ ਸਕੂਟਰ ਆ ਗਿਆ,
ਟੈਲੀਵਿਜ਼ਨ ਦੀ ਜਗ੍ਹਾ ਕੰਪਿਊਟਰ ਆ ਗਿਆ,
ਕਿਤੇ ਠੱਗਾਂ ਤੇ ਚੋਰਾਂ ਹੱਥ ਹੂਟਰ ਆ ਗਿਆ,
ਬੂਟਪਾਲਿਸ਼ੀਏ ਹੱਥ ਹਾਲੇ,
ਉਹੀਓ ਡੱਬੀ ਤੇ ਬੁਰਸ਼, ਬਸ ਰੋਟੀ ਨੂੰ ਕਮਾਉਣ ਦੀ,
ਆਜ਼ਾਦੀ ਮਿਲਣ ਤੋਂ ਬਾਅਦ,
ਭੁੱਖ ਹਾਲੇ ਵੀ ਉਹੀ ਐ ਅੰਨ ਪਾਉਣ ਦੀ।

ਪਾਰਟੀਆਂ ਦੇ ਨੇ ਉੱਚੇ-ਉੱਚੇ ਨਾਅਰੇ ਆ ਗਏ,
ਬਸ ਥੋੜ੍ਹੇ ਹੀ ਨੇ ਵਾਅਦੇ ਬਾਕੀ ਲਾਰੇ ਆ ਗਏ,
ਈਮਾਨ ਨਾਲ ਕੁਝ ਤੇ ਹੋਰ ਸਾਰੇ ਆ ਗਏ,
ਭੀੜ ਜੁੜਦੀ ਐ ਨਿਮਾਣਿਆਂ ਦੀ,
ਵੋਟਾਂ 'ਚ ਰੱਜ ਦਰਸ਼ਨਾਂ ਨੂੰ ਪਾਉਣ ਦੀ,
ਦਹਾਕਿਆਂ ਤੋਂ ਪਿੱਛੋਂ ਜ਼ਿੰਦਗੀ,
ਅਜੇ ਵੀ ਉਹੀ ਐ ਝੁਕ ਜਾਣ ਦੀ।

ਕੁਰਸੀ ਵਾਲਿਆਂ ਦਾ ਕੰਮ ਤਾਂ ਤਰੱਕੀ ਹਿੱਸੇ ਆ ਗਿਆ,
ਮਜ਼ਦੂਰਾਂ ਕਿਰਤੀਆਂ ਦਾ ਕੰਮ ਦੱਸੋ ਕਿਹੜਾ ਖਾ ਗਿਆ,
ਮਰਿਆ ਕਿਤੇ ਕੋਈ ਦੇਸ਼ ਖਾਣਾ, ਮਰ ਕੇ ਵੀ ਛਾ ਗਿਆ,
ਮੌਤ ਮਰੇ ਗੁੰਮਨਾਮੀ ਦੀ,
ਦੇਸ਼ਭਗਤ ਮਜ਼ਦੂਰ ਕਿਸੇ ਸੜਕ ਬੇਪਛਾਣ ਦੀ,
ਕਿੰਨੇ ਸਮਿਆਂ ਤੋਂ ਬਾਅਦ ਵੀ ਅੱਖ,
ਕਿਹੜਾ ਯਾਰ, ਕਿਹੜਾ ਗੱਦਾਰ ਹਾਲੇ ਨਹੀਂ ਪਛਾਣਦੀ।

## ਤੇ ਅਸੀਂ...

ਤੇ ਅਸੀਂ,
ਕਿੰਝ ਮੁਸਕਰਾ ਸਕਦੇ ਹਾਂ,
ਜਦੋਂ ਕਿ ਸਾਡੇ ਹਾਸਿਆਂ ਦੀ ਜਾਗ਼ੀਰ,
ਗਹਿਣੇ ਹੋ ਗਈ ਹੈ,
ਉਹਨਾਂ ਜਗੀਰਦਾਰਾਂ ਕੋਲ,
ਜੋ ਚਿੱਟੇ ਕੁੜਤੇ-ਪਜਾਮਿਆਂ ਵਿੱਚ ਸਜੇ,
ਵੱਡੇ ਜਮੀਂਦਾਰ, ਸਰਕਾਰ ਅਤੇ ਨੇਤਾ ਬਣ ਬੈਠੇ ਹਨ।
ਕਿੰਝ ਖਾ ਸਕਦੇ ਹਾਂ ਢਿੱਡ ਭਰ,
ਜਦੋਂ ਕਿ ਸਾਡੇ ਹੱਥਾਂ ਦਾ ਉਗਾਇਆ ਅੰਨ,
ਗੋਗੜਾਂ ਵੱਡੀਆਂ ਕਰਦਾ ਰਹਿੰਦੈ,
ਉਹਨਾਂ ਦੀਆਂ ਜੋ ਜਾਣਦੇ ਨੇ ਸਿਰਫ਼ ਖਾਣਾ,
ਤੇ ਬੱਸ ਜੋਕਾਂ ਬਣਕੇ ਲੱਗੇ ਨੇ,
ਮਜ਼ਦੂਰ ਬਣੇ ਇਨਸਾਨ ਦਾ ਖ਼ੂਨ ਚੂਸਣ।
ਕਿੰਝ ਸੌਂ ਸਕਦੇ ਹਾਂ ਛੱਤਾਂ ਹੇਠ,
ਉਹਨਾਂ ਛੱਤਾਂ ਹੇਠ ਜੋ ਖ਼ੁਦ ਹੀ ਛਤਦੇ ਹਾਂ,
ਪਰ ਸੌਂ ਨਹੀਂ ਸਕਦੇ।
ਖੋਹ ਲੈਂਦੇ ਨੇ ਸਾਡੀਆਂ ਬਣਾਈਆਂ ਇਮਾਰਤਾਂ,
ਅਤੇ ਅਸੀਂ ਖ਼ੈਰਾਤ ਵਾਂਗੂੰ ਮਿਲੇ ਮਿਹਨਤਾਨੇ ਦੀਆਂ,
ਦੋ ਰੋਟੀਆਂ ਖਾ ਸੌਂ ਜਾਂਦੇ ਹਾਂ।
ਤੇ ਅਸੀਂ,
ਸ਼ਮੂਲੀਅਤ ਕਰਦੇ ਰਹਿੰਦੇ ਹਾਂ,
ਗ਼ਰੀਬੀ ਰੇਖਾ ਤੋਂ ਹੇਠਾਂ ਹੋਰ ਹੇਠਾਂ,
ਸ਼ਾਮਲ ਹੁੰਦੇ ਰਹਿੰਦੇ ਹਾਂ,
ਝੌਂਪੜੀਆਂ ਤੋਂ ਸੜਕਾਂ ਦੀ ਫੁੱਟਪਾਥ ਦੀ ਨੀਂਦ ਵਿੱਚ।
ਸ਼ਾਮਲ ਹੁੰਦੇ ਰਹਿੰਦੇ ਹਾਂ,
ਅਪੌਸ਼ਟਿਕ ਅਹਾਰੀਆਂ ਵਿੱਚ,
ਅਤੇ ਸ਼ਮੂਲੀਅਤ ਕਰ ਜਾਂਦੇ ਹਾਂ,
ਸੜਕ ਦੇ ਕਿਨਾਰੇ ਮਧੋਲਿਆਂ ਵਿੱਚ,
ਜਿਨ੍ਹਾਂ ਨੂੰ ਕੁੱਤੇ ਦੀ ਮੌਤ ਮਰਿਆਂ ਨੂੰ,
ਸੁੰਵਰ ਕੇ ਉਠਾ ਲੈ ਜਾਂਦੀ ਹੈ,
ਮਿਊਂਸਪਲ ਕਾਰਪੋਰੇਸ਼ਨ ਦੀ ਗੱਡੀ।

## ਸਵਾਦ ਆ ਜਾਵੇਗਾ

ਸਵਾਦ ਆ ਜਾਵੇਗਾ ਜਦੋਂ ਕਿਰਤੀ ਪੜ੍ਹੇਗਾ,
ਲੜੇਗਾ ਤੇ ਗ਼ਰੀਬੀ ਦੇ ਮੂੰਹ 'ਤੇ,
ਚਪੇੜ ਮਾਰਨ ਯੋਗ ਹੋ ਜਾਵੇਗਾ।

ਸਵਾਦ ਆ ਜਾਵੇਗਾ ਜਦੋਂ,
ਨਿੱਕਾ ਜਿਹਾ ਬੱਚਾ,
ਗਾਰੇ ਦਾ ਬੱਠਲ ਨਹੀਂ ਚੁੱਕੇਗਾ,
ਸਗੋਂ ਕਲਮ ਦੀ ਨੋਕ ਨਾਲ
ਭਿੜੇਗਾ ਜ਼ਾਲਮ ਹੋਈ ਜ਼ਿੰਦਗੀ ਨਾਲ।

ਸਵਾਦ ਆ ਜਾਵੇਗਾ ਜਦੋਂ
ਢਾਹ ਲਵੇਗਾ ਉਹ ਸਫ਼ੈਦਪੋਸ਼ਾਂ ਨੂੰ,
ਜਿਹੜੇ ਹੁਣ ਤੱਕ ਉਹਨੂੰ ਮਧੋਲਦੇ ਰਹੇ ਨੇ।

ਸਵਾਦ ਆ ਜਾਵੇਗਾ ਜਦੋਂ,
ਦਿਹਾੜੀਦਾਰ ਦੇ ਕਰਮ ਦੀ,
ਉੱਚੀ ਨਿਗ੍ਹਾ ਨਾਲ ਸ਼ਮੂਲੀਅਤ ਹੋ ਜਾਵੇਗੀ,
ਦੇਸ਼ ਦੀ ਤਰੱਕੀ ਹਿੱਤ।

ਸਵਾਦ ਆ ਜਾਵੇਗਾ ਜਦੋਂ,
ਜਮੀਂਦਾਰ ਹੀ ਕਿਰਸਾਣ ਹੋਣਗੇ,
ਜਾਂ ਕਿਰਤੀ ਦੀ ਮਿਹਨਤ ਦਾ ਮੁੱਖ,
ਉਹਦੇ ਪਸੀਨੇ ਤੱਕ ਹੀ ਸੀਮਿਤ ਨਹੀਂ ਰਹੇਗਾ।

ਸਵਾਦ ਆ ਜਾਵੇਗਾ ਜਦੋਂ,
ਮੇਰੇ ਬਾਪੂ ਦੇ ਖੇਤਾਂ 'ਚ ਮਜ਼ਦੂਰ ਬਾਬੇ ਦਾ ਪੋਤਾ,
ਮੇਰੇ ਮੁੰਡੇ ਦੇ ਬਰਾਬਰ ਤੁਰ ਸਨਮਾਨ ਪਾਏਗਾ।

# ਮੇਰੀ ਕਵਿਤਾ ਦੇ ਕਾਤਲ

ਮੇਰੀ ਹੀ ਮਿੱਟੀ ਦੇ ਲੋਕ,
ਮੇਰੀ ਕਵਿਤਾ ਨੂੰ ਮਾਰ ਮੁਕਾਉਣਗੇ।
ਤੇ ਸ਼ਾਇਦ,
ਮੇਰਾ ਬਾਪ ਹੀ, ਹਾਂ ਉਹੋ ਹੀ,
ਜਿਸਦਾ ਮੈਂ ਪੁੱਤਰ ਹਾਂ,
ਇਹਦਾ ਪਹਿਲਾ ਕਾਤਲ ਅਖ਼ਵਾਏਗਾ।
ਮੇਰੀ ਅਤੇ ਮੇਰੀ ਕਲਮ ਦੀ,
ਸਾਂਝੀ ਕਸ਼ਮਕਸ਼ ’ਚੋਂ ਜਣੀ ਮੇਰੀ ਧੀ ਕਵਿਤਾ,
ਜਿਸਨੂੰ ਮੌਤ ਦੇਣ ਵਿੱਚ ਹਿੱਸਾ,
ਸ਼ਾਇਦ ਉਹਦਾ ਦਾਦਾ ਵੀ ਪਾਏਗਾ।

ਹਾਂ, ਉਹ ਵੀ ਹੋਣਗੇ,
ਮੇਰੇ ਪਿੰਡ ਦੇ, ਮੇਰੇ ਸ਼ਹਿਰ ਦੇ,
ਮੇਰੇ ਸੂਬੇ ਅਤੇ ਮੇਰੇ ਦੇਸ਼ ਦੇ,
ਜਿਨ੍ਹਾਂ ਲਈ ਜਿੰਦਗੀ ਪੈਸਾ ਹੈ,
ਤੇ ਪੈਸੇ ਲਈ ਜਿਉਣਾ ਜ਼ਿੰਦਗੀ।

ਉਹ ਵੀ ਹੋਣਗੇ,
ਜੋ ਆਪਣੀ ਉੱਚੀ ਜਾਤ ਜਾਂ ਧਰਮ ਦੇ ਗ਼ੁਮਾਨ ਵਿੱਚ,
ਉੱਚੀ ਨਸਲ ਜਾਂ ਪਦਵੀ ਦੀ ਸ਼ਾਨ ਵਿੱਚ,
ਮਿਧਦੇ ਰਹਿੰਦੇ ਨੇ ਉੱਚੀ ਜ਼ਿੰਦਗੀ।
ਕਵਿਤਾ ਦੇ ਕਾਤਲ ਉਹ ਵੀ ਹੋਣਗੇ,
ਜੋ ਸਜੇ ਰਹਿੰਦੇ ਨੇ ਸਫ਼ੈਦ ਵਸਤਰਾਂ ਵਿੱਚ,
ਮੱਧ ਵਰਗੀ ਜ਼ਿਮੀਂਦਾਰ ਤੋਂ ਲੈ ਕੇ,
ਕੁਰਸੀ ਦੇ ਯਾਰ ਪ੍ਰਧਾਨ ਮੰਤਰੀ ਤੱਕ।

ਤੇ ਫੇਰ .............
ਇੱਕ ਦਿਨ ਇਕਸਾਰਤਾ ਅਤੇ ਇਨਕਲਾਬ ਦੇ ਦੋਖੀ,
ਚੁੱਕ ਲੈਣਗੇ ਕਹਾਰਾਂ ਵਾਂਗੂੰ ਮੇਰੀ ਕਵਿਤਾ ਨੂੰ ਮੋਢਿਆਂ ’ਤੇ,
ਤੇ ਸੋਹਣੀ ਜਿਹੀ ਅਰਥੀ ’ਤੇ ਪਾ,

ਲੈ ਤੁਰਨਗੇ ਸ਼ਮਸ਼ਾਨ ਵੱਲ।
ਮੈਂ ਵੀ ਬੈਠਾ ਹੋਵਾਂਗਾ,
ਮੇਰੀ ਮਰੀ ਧੀ ਦੇ ਸਿਰ੍ਹਾਣੇ,
ਓਸੇ ਹੀ ਅਰਥੀ 'ਤੇ।
ਤੇ ਸ਼ਾਇਦ ਦੇਖਦਾ ਹੋਵਾਂਗਾ,
ਕਿ ਮਰਦੇ ਦੇ ਮੂੰਹ 'ਚ
ਕਿਹੜੇ ਆਪਣੇ ਪਾਣੀ ਪਾਉਣਗੇ।

ਹਾਂ, ਪਾਣੀ ਪਾਉਣ ਵਾਲਿਆਂ ਨੂੰ,
ਉਠਾ ਲਿਆ ਜਾਵੇਗਾ ਨਾਲ ਹੀ,
ਤੇ ਸ਼ਾਇਦ, ਮੌਤ ਦੇ ਡਰੋਂ
ਉਹ ਪਾਣੀ ਨਹੀਂ ਪਿਲਾਉਣਗੇ
ਤੇ ਮੈਨੂੰ ਤੇ ਮੇਰੀ ਧੀ ਨੂੰ,
ਮੇਰੀ ਆਪਣੀ ਮਿੱਟੀ ਦੇ ਲੋਕ,
ਵਿਰੋਧਤਾ ਦੇ ਆਭਾਸ 'ਚ,
ਕੋਹ-ਕੋਹ ਕੇ ਲਾਂਬੂ ਲਾਉਣਗੇ।

## ਓ ਬੰਦੀਵਾਨੋ ...

‘ਫਖ਼ਰ ਜ਼ਮਾਨ’ ਦੇ ਬੰਦੀਵਾਨਾਂ ਜਿਉਂ,
ਆਪਾਂ ਵੀ ਰਲ ਮਿਲ ਬੈਠੀਏ,
ਓ ਬੰਦੀਵਾਨੋ, .......... ਮੇਰਿਓ ਯਾਰੋ,
ਆਓ ਆਪਾਂ ਵੀ ਟੋਹਲੀਏ,
ਕਿਸੇ ਐਸੇ ਬੰਦੀਵਾਨ ਨੂੰ,
ਆਪਣੇ ਕਿਸੇ ਜੇਲ੍ਹ ਜਮਾਤੜੀ,
ਜੋ ਸਭ ਦੀਆਂ ਵੀਣੀਆਂ ’ਤੇ,
ਵਾਹ ਦਵੇ ਬਲੇਡ ਦੀ ਧਾਰ ਨੂੰ।
ਚੱਕ ਬੁਰਸ਼ ਤੇ ਵਾਰੋ-ਵਾਰ ਉਹ,
ਭਿਉਂ ਲਹੂ ’ਚ ਵਾਹੇ ਲੀਕਰਾਂ,
ਲੀਕਾਂ ਕਿਸੇ ਕਾਗਜ਼ ਚਿੱਟੜੇ,
ਵਾਹ ਦਏ ਸੋਹਣੀ ਤਸਵੀਰ ਨੂੰ।
ਹੌਲੀ-ਹੌਲੀ ਲਹੂ ਦੀ ਬਣੀ ਉਸ,
ਤਸਵੀਰ ’ਚੋਂ ਫੁੱਟੇ ਆਜ਼ਾਦਗੀ,
ਆਜ਼ਾਦਗੀ, ਆਜ਼ਾਦਗੀ,
ਸਹੀ ਅਰਥਾਂ ਦੀ ਆਜ਼ਾਦਗੀ।
ਸਹੀ ਅਰਥਾਂ ਦੇ ਇਨਸਾਫ਼ ਦੀ,
ਤਸਵੀਰ ਕਰੇ ਜੋ ਪੈਰਵੀ,
ਐਸੀ ਤਸਵੀਰ ਬਣਾ ਦੇਈਏ,
ਫਿਰ ਮਿਟਕੇ ਉਹਨੂੰ ਪਾ ਲਈਏ।

## ਇਨਸਾਫ਼ ਲੈਣ ਤੁਰੇ ਨੇ

ਇਨਸਾਫ਼ ਲੈਣ ਤੁਰੇ ਨੇ ਅੱਜ ਬਾਲ਼ ਮੋਮਬੱਤੀਆਂ।

* ਹੱਥੀਂ ਚੁੱਕ ਤਸਵੀਰਾਂ, ਮਾਰੇ ਜ਼ੁਲਮ ਦੇ ਲੋਕਾਂ ਦੀਆਂ,
ਵਹਿ ਤੁਰੀਆਂ ਕਤਾਰਾਂ, ਨੌ-ਜਵਾਨਾਂ ਬੇ-ਰੋਕਾਂ ਦੀਆਂ,
ਸੋਚਿਆ ਮਤੇ ਇਹ ਜਿਉਂਦੀਆਂ ਇੱਛਾਵਾਂ ਮਾਣਮੱਤੀਆਂ,
ਇਨਸਾਫ਼ ਲੈਣ ਤੁਰੇ ਨੇ ਅੱਜ ਬਾਲ਼ ਮੋਮਬੱਤੀਆਂ।

* ਹੈਰਾਨ ਹੋ ਗਿਆ ਸਾਂ, ਮਸ਼ਕਰਿਆਂ ਦੀ ਭੀੜ ਵਿੱਚ,
ਬੜਾ ਹਾਸਾ ਠੱਠਾ ਹੋਇਆ, ਮਰੇ ਮਿਰਗਾਂ ’ਤੇ ਬੀੜ ਵਿੱਚ,
ਮਖ਼ੌਲ ਜਿਹਾ ਕਰ ਰਹੀ, ਵਹੀਰਾਂ ਭੀੜ ਘੱਤੀਆਂ,
ਇਨਸਾਫ਼ ਲੈਣ ਤੁਰੇ ਨੇ ..................

* ਕੈਮਰੇ ਦੇ ਮੂਹਰੇ ਹੋ-ਹੋ, ਫੋਟੋਆਂ ਲਹਾਉਂਦੇ ਗਏ,
ਪਿੱਛੇ ਤਾਂ ਮੁਸਕਰਾਉਂਦੇ, ਅੱਗੇ ਬੁੱਲ ਲਟਕਾਉਂਦੇ ਗਏ,
ਕਿਸ ਲਈ ਤੁਰੇ ਨੇ ਇਹ ? ਤੰਦਾਂ ਕਾਹਦੀਆਂ ਨੇ ਕੱਤੀਆਂ,
ਇਨਸਾਫ਼ ਲੈਣ ਤੁਰੇ ਨੇ .....................

* ਮੋਮਬੱਤੀਆਂ ਦੀ ਰੌਸ਼ਨੀ ਇਨਸਾਫ਼ ਨਹੀਂ ਦੁਆਉਂਦੀ,
ਪਏ ਅੰਦਰ ਦੇ ਨ੍ਹੇਰ ਨੂੰ, ਨਹੀਂ ਇਹ ਰੁਸ਼ਨਾਉਂਦੀ,
ਇਨਸਾਫ਼ ਨੂੰ ਤੁਰੇ ਹੋ ? ਪਾਕੇ ਨੱਤੀਆਂ ਤੇ ਪੱਤੀਆਂ,
ਇਨਸਾਫ਼ ਲੈਣ ਤੁਰੇ ਨੇ ....................

* ਆਖਦਾ ਹਾਂ ਐਸੀ ਲਹਿਰ ਨੂੰ, ਮੈਂ ਮਰੇ ਟੋਭਿਆਂ ਦੀ ਛੱਲ,
ਨਾ ਉਹ ਲੜਨਾ ਹੈ ਚਾਹੁੰਦੀ, ਲੜਨੇ ਦਾ ਨਾ ਹੀ ਉਹਨੂੰ ਵੱਲ,
ਫੋਕੀਆਂ ਮਸ਼ਹੂਰੀਆਂ ’ਚ ਜਿੰਦਾਂ ਇਹਨਾਂ ਰੱਤੀਆਂ,
ਇਨਸਾਫ਼ ਲੈਣ ਤੁਰੇ ਨੇ ਅੱਜ ਬਾਲ਼ ਮੋਮਬੱਤੀਆਂ।

## ਲੁਟ ਰਹੀ ਭੀੜ

* ਲੁਟ ਰਹੀ ਹੈ ਭੀੜ ਇੱਥੇ,
ਸੰਗਤਾਂ ਦੀ, ਭਗਤਾਂ ਦੀ,
ਮਸਤੀ ਵਿੱਚ ਰੰਗੇ ਮਸਤਾਂ ਦੀ।

* ਲੁਟ ਰਹੀ ਹੈ ਭੀੜ ਏਥੇ,
ਮਜਬੂਰਾਂ ਦੀ, ਮਜ਼ਦੂਰਾਂ ਦੀ,
ਕਈ ਚਮਕ ਰਹੇ ਕੋਹਿਨੂਰਾਂ ਦੀ।

* ਲੁਟ ਰਹੀ ਹੈ ਭੀੜ ਇਥੇ,
ਕਿਰਤੀਆਂ ਦੀ, ਨਿਰਤੀਆਂ ਦੀ,
ਸੋਹਣੀਆਂ ਕੁਝ ਬਿਰਤੀਆਂ ਦੀ।

* ਲੁਟ ਰਹੀ ਹੈ ਭੀੜ ਏਥੇ,
ਦਸਤਕਾਰਾਂ ਦੀ, ਕਲਾਕਾਰਾਂ ਦੀ,
ਕੁਝ ਉੱਭਰ ਰਹੇ ਵਿਚਾਰਾਂ ਦੀ।

* ਲੁਟ ਰਹੀ ਹੈ ਭੀੜ ਏਥੇ,
ਲਾਚਾਰਾਂ ਦੀ, ਬਿਮਾਰਾਂ ਦੀ,
ਲੰਙੀਆਂ ਹੋਈਆਂ ਸਰਕਾਰਾਂ ਦੀ।

* ਲੁਟ ਰਹੀ ਹੈ ਭੀੜ ਏਥੇ,
ਸੁੱਖਾਂ ਦੀ, ਕੁੱਖਾਂ ਦੀ,
ਫਲ ਦੇਣ ਵਾਲਿਆਂ ਰੁੱਖਾਂ ਦੀ।

* ਲੁਟ ਰਹੀ ਹੈ ਭੀੜ ਏਥੇ,
ਜ਼ੁਬਾਨਾਂ ਦੀ, ਈਮਾਨਾਂ ਦੀ,
ਤੇ ਅਸਲੀ ਇਨਸਾਨਾਂ ਦੀ।

*ਲੁਟ ਰਹੀ ਹੈ ਭੀੜ ਏਥੇ,
ਅਭਾਸਾਂ ਦੀ, ਅਹਿਸਾਸਾਂ ਦੀ,
'ਘੁਮਾਣ' ਜਿਹੇ ਕਈ ਦਾਸਾਂ ਦੀ।

## ਬੀਜਨਾਸ ਨਹੀਂ ਹੁੰਦਾ

ਬੀਜਨਾਸ ਨਹੀਂ ਹੁੰਦਾ,
ਕਿਸੇ ਵੀ ਸੋਚ ਦਾ,
ਉਸ ਖੱਬਲ ਦੇ ਵਾਂਗੂੰ,
ਜਿਹੜਾ ਹਰ ਛਮਾਹੀ 'ਤੇ,
ਵਾਹ ਦਿੱਤਾ ਜਾਂਦੈ, ਉਜਾੜ ਦਿੱਤਾ ਜਾਂਦੈ।
ਗੁੱਲੀ ਡੰਡੇ ਦੇ ਕੱਖ ਵਾਂਗੂੰ,
ਜਿਸ 'ਤੇ ਹਰ ਸਾਲ, ਜ਼ਹਿਰ ਛਿੜਕੀ ਜਾਂਦੀ ਐ,
ਫਸਲੋਂ ਕੱਢ ਦਿੱਤਾ ਜਾਂਦੈ।
ਪਰ ਫੇਰ ਵੀ ਹਰ ਸਾਲ,
ਕੋਈ ਖੱਬਲ ਦੀ ਤਿੜ,
ਫੁੱਟ ਆਉਂਦੀ ਐ, ਚੁੱਪ ਚਪੀਤੇ,
ਬੀਜੀ ਹੋਈ ਫ਼ਸਲ ਦੇ ਪੈਰਾਂ ਵਿੱਚ,
ਤੇ ਕਿਸੇ ਡੰਡੇ 'ਤੇ ਲੱਗੇ ਗੁੱਲੀ,
ਸਿਰ ਚੁੱਕਦੀ ਐ,
ਬੀਜੀ ਫਸਲ ਦੇ ਸਿਰ ਉੱਤੋਂ।

## ਬੋਲਦਾ ਬੁੱਤ ਭਗਤ ਸਿੰਘ ਦਾ

ਕਦੇ-ਕਦੇ ਬੋਲਦਾ ਜਿਹਾ ਲਗਦੈ,
ਔਹ ਬੁੱਤ ਭਗਤ ਸਿਹੁੰ ਦਾ।
ਆਖਦਾ ਹੈ ਮੈਨੂੰ,
ਤੇ ਹਰੇਕ ਓਸ ਬੰਦੇ ਨੂੰ,
ਜੋ ਉਹਦੇ ਦੇਸ਼ ਦਾ ਵਾਸੀ ਹੈ।
ਕਹਿੰਦਾ ਹੈ ਕਿ,
"ਕਿਉਂ, ਕਿਵੇਂ ਓ ਬੇਕਾਰ ਜੀ,
ਬੇਜਾਰ ਜੀ, ਮੱਕਾਰ ਜੀ।
ਕਿੰਝ ਹੈ ਆਪਣੀ ਸਰਕਾਰ ਜੀ,
ਭਰਿਆ ਹੈ ਹਰ ਗਵਾਰ ਜੀ।
ਕੋਈ ਕਰਦੇ ਨਹੀਂ ਕੰਮ-ਕਾਰ ਜੀ,
ਸਭ ਧਰਤੀ 'ਤੇ ਹੋ ਭਾਰ ਜੀ।
ਆਜ਼ਾਦੀ ਦਾ ਸੁਪਨਾ ਪੂਰਨ ਦੇ,
ਕਿੱਥੇ ਨੇ ਗਏ ਔਜ਼ਾਰ ਜੀ।
ਦੇਸ਼ ਭਗਤ ਨਾ ਬਣੇ ਤੁਸੀਂ,
ਕਿਉਂ ਬਣ ਗਏ ਓ ਗ਼ੱਦਾਰ ਜੀ।
ਅੱਖਾਂ ਦੇ ਬਾਹਰ ਹੈ ਬੁੱਤ ਮੇਰਾ,
ਅੱਖੀਂ ਨਾ ਮੈਂ ਸਰਦਾਰ ਜੀ।
ਮੈਂ ਸੁਣ ਸਕਦਾਂ ਉਹਨੂੰ,
ਤੁਸੀਂ ਵੀ ਸੁਣੋ,
ਜ਼ਰਾ ਨੇੜੇ ਹੋ ਕੇ,
ਵੇਖੋ! ਹੋਰ ਕੀ ਕਹਿੰਦਾ ਹੈ ਉਹ .......

# ਮੇਰੀ ਮੌਤ ’ਤੇ ਨਾ ਰੋਇਓ

ਜਾ ਖ਼ਲੋਂਦਾ ਹਾਂ ਮੌਤ ਦੇ ਬੂਹੇ ’ਤੇ,
ਦੂਰ ਚਲਾ ਜਾਂਦਾ ਹਾਂ ਜਦੋਂ,
ਆਜ਼ਾਦੀ ਦੇ ਮੈਂ ਸੁਪਨੇ ਲੈਂਦਾ।
ਇਹੋ ਹੀ ਤਾਂ ਹੁੰਦਾ ਆਇਐ,
ਓਸ ਦੇਸ਼ ਭਗਤ ਦੇ ਨਾਲ ਜੋ,
ਸੀ ਆਜ਼ਾਦੀ ਦੇ ਸੁਪਨੇ ਲੈਂਦਾ।
ਕਈ ਵਾਰ ਤਾਂ ਮੈਂ ਸਰ ਜਾਂਦਾ ਹਾਂ
ਇਹ ਮੌਤ ਦੇ ਝੱਖੜ ਝੇੜੇ ਜਦ,
ਮੈਂ ਆਜ਼ਾਦੀ ਦੇ ਸੁਪਨੇ ਲੈਂਦਾ।
ਕਹਿੰਦਾ ਰਹਿੰਦਾ ਹਾਂ ਹਮੇਸ਼ਾ ਹੀ,
ਮੌਤ ਮੇਰੀ ’ਤੇ ਨਾ ਰੋਇਓ,
ਆਜ਼ਾਦੀ ਦੇ ਸੁਪਨੇ ਲੈਂਦਾ।
ਆਖਦਾ ਹਾਂ ਮੈਂ ਮੇਰੇ ਵਜੂਦ ਨੂੰ ਨਾ ਟੋਹਿਓ,
ਸੋਚਿਓ, ਜਿਨ੍ਹਾਂ ਲਈ ਮੋਇਆ,
ਮੈਂ ਆਜ਼ਾਦੀ ਦੇ ਸੁਪਨੇ ਲੈਂਦਾ।

## ਗੱਲ ਤੁਰੂਗੀ ਤਾਂ ...

ਓ ਸੋਹਣੀ ਸੋਚ ਦਿਓ ਮਾਲਕੋ,
ਸੋਚਣਾ ਬੰਦ ਕਰ ਦਿਓ,
ਕਿਉਂਕਿ ਜੇ ਗੱਲ ਤੁਰੂਗੀ,
ਤਾਂ ਬੜੀ ਦੂਰ ਜਾ ਨਿਕਲੂਗੀ।

* ਓ ਬੁੱਧੀਜੀਵਓ! ਕਲਮ ਦਿਓ ਮਾਲਕੋ,
ਕਨੂੰਨੀਓ, ਸਿਆਸੀਓ, ਸਾਇੰਸਦਾਨੋਂ ਤੇ ਅਧਿਆਪਕੋ,
ਸੋਚਣਾ ਬੰਦ ਕਰ ਦਿਓ ਉਨ੍ਹਾਂ ਲਈ
ਜੋ ਸੜਕਾਂ, ਪੁਲ ਤੇ ਨੇ ਮੰਜ਼ਿਲਾਂ ਬਣਾ ਰਹੇ।
ਬੱਸ, ਚਲਦੇ ਰਵ੍ਹੋ ਅੰਨ੍ਹੇ ਜਿਹੇ ਹੋ ਕੇ,
ਤੇ ਮਿੱਧਦੇ ਰਵ੍ਹੋ,
ਪੈਰਾਂ ਦੇ ਹੇਠਾਂ ਹੱਥ ਉਨ੍ਹਾਂ ਜ਼ਿੰਦਗੀਆਂ ਦੇ
ਕਿਉਂਕਿ, ਜੇ ਗੱਲ ਤੁਰੂਗੀ,
ਤਾਂ ਬੜੀ ਦੂਰ ਜਾ ਨਿਕਲੂਗੀ।

* ਸੋਚੋ ਨਾ ਉਹਨਾਂ ਲਈ ਵੀ, ਜੋ ਫ਼ਸਲਾਂ ਉਗਾਉਂਦੇ,
ਰਹਿਣ ਦਿਓ ਦਿਨ ਰਾਤ ਜੇ, ਉਹ ਮੁੜ੍ਹਕਾ ਨੇ ਵਗਾਉਂਦੇ,
ਬੋਲੇ ਹੋ ਜਾਵੋ ਚੀਕਾਂ ਤੋਂ,
ਤੇ ਸਹਿ ਲਈਆਂ ਉਨ੍ਹਾਂ ਚੀਸਾਂ ਤੋਂ,
ਕਰਜ਼ੇ ਦਾ ਜਦੋਂ ਕਿਰਤੀ, ਗਲ ਫੰਦਾ ਆਪੇ ਪਾਉਂਦੇ।
ਉਹ ਵੀ ਨਾ ਸੁਣੋ ਟੱਬਰ,
ਜਦੋਂ ਕਲਿਹੂਰ ਜਿਹਾ ਪਾਉਂਦੈ,
ਤੁਰਦੇ ਰਵ੍ਹੋ ਬੋਲੇ ਹੋ ਕੇ,
ਇਸ ਬੋਲਿਆਂ ਦੇਸ਼ ਵਿੱਚ,
ਕਿਉਂਕਿ ਜੇ ਗੱਲ ਤੁਰੂਗੀ ਤਾਂ,
ਬੜੀ ਦੂਰ ਜਾ ਨਿਕਲੂਗੀ।

## ਮੈਂ ਉਹ ਆਵਾਮ ਹਾਂ

ਮੈਂ ਉਹ ਆਵਾਮ ਹਾਂ,
ਜੋ ਸ਼ਹੀਦਾਂ ਦੇ ਬੁੱਤਾਂ ਨੂੰ,
ਜਰਦੇ ਮਲ਼ੀਆਂ ਤਲੀਆਂ,
ਨਾਲ ਘੜਦਾ ਰਹਿੰਦਾ ਹੈ।
ਮੈਂ ਉਹ ਵੀ ਹਾਂ,
ਜੋ ਅਸੈਂਬਲੀ ਵਿੱਚ,
ਭਗਤ ਸਿੰਘ ਦੇ ਬੁੱਤ ਲਾਉਣ ਦੀ,
ਤਜ਼ਵੀਜ਼ ਰੱਖਦਾ ਹੈ।

ਮੈਂ ਉਹ ਆਵਾਮ ਹਾਂ,
ਜੋ ਇਹ ਕਹਿੰਦਾ ਹੈ ਕਿ,
ਠੋਲੂ ’ਤੇ ਉਕਰੇ ਭਗਤ ਸਿੰਘ ਦੇ,
ਟੋਪੀ ਕਿਉਂ ਪਾਈ ਹੈ।
ਮੈਂ ਉਹ ਵੀ ਹਾਂ ਜੋ,
ਆਜ਼ਾਦ ਦੇ ਜਨਮ ਦਿਨ ’ਤੇ,
ਇਸ਼ਕੀਆ ਗੀਤ ਸੁਣ,
ਖੁਸ਼ੀ ’ਚ ਕਿਲਕਾਰੀਆਂ ਮਾਰਦਾ ਝੂਮਦਾ ਹੈ।

ਮੈਂ ਉਹ ਆਵਾਮ ਹਾਂ,
ਜੋ ਕਿਸੇ ਸ਼ਹੀਦ ਨਾਲ ਸੰਬੰਧਿਤ ਦਿਹਾੜੇ ’ਤੇ,
ਚੌਰਾਹੀਂ ਉਨ੍ਹਾਂ ਦੀਆਂ ਮੂਰਤੀਆਂ,
ਖੜੀਆਂ ਕਰ ਦਿੰਦਾ ਹੈ।
ਮੈਂ ਉਹ ਵੀ ਹਾਂ ਜੋ,
ਬੁੱਤਾਂ ਤੋਂ ਸਾਰੇ ਸਾਲ ਦੀ ਧੂੜ, ਬਿੱਠਾਂ ਤੇ ਗੰਦਗੀ,
ਸਿਗਰਟ ਦਾ ਧੂੰਆਂ ਛੱਡਦਾ,
ਸਾਫ਼ ਕਰ ਦਿੰਦੈ ਇੱਕੋ ਵਾਰੀ।

ਮੈਂ ਉਹ ਆਵਾਮ ਹਾਂ,
ਜੋ ਵਾਹਨਾਂ ਦੀ ਭੀੜ ’ਚ ਗੁੰਮ ਹੋਇਆ,

ਤਰਸ ਭਰੀਆਂ ਨਿਗਾਹਾਂ ਨਾਲ ਬੁੱਤਾਂ ਵੱਲ ਝਾਕਦਾ,
ਅਗਾਂਹ ਤੁਰ ਜਾਂਦਾ ਹੈ।
ਮੈਂ ਉਹ ਵੀ ਹਾਂ,
ਜੋ 15 ਅਗਸਤ ਨੂੰ ਭੀੜ ਹਟਾਉਂਦਾ,
ਇਨਾਂ ਸ਼ਹੀਦਾਂ ਦੇ ਬੁੱਤਾਂ ਨੂੰ,
ਫੁੱਲ-ਮਾਲਾਵਾਂ ਚੜਾਉਂਦਾ ਹੈ।

ਮੈਂ ਉਹ ਆਵਾਮ ਹਾਂ,
ਜੋ ਕਦੇ ਪ੍ਰਵਾਹ ਨਹੀਂ ਕਰਦਾ,
ਕਿ ਇਹਨਾਂ ਦੀ ਸੋਚ ਕੀ ਸੀ,
ਅਤੇ ਇਹ ਸ਼ਹੀਦ ਕਿਉਂ ਹੋਏ?
ਮੈਂ ਉਹ ਵੀ ਹਾਂ,
ਜੋ ਇਹਨਾਂ ਦੇ ਸਰੀਰਾਂ ਦੀ ਪੜਚੋਲ ਕਰਦਾ,
ਫਸਿਆ ਹੋਇਆ ਹਾਂ,
ਕਿ ਇਹ ਹਿੰਦੂ ਸੀ ਕਿ ਮੁਸਲਮਾਨ।

ਮੈਂ ਉਹ ਆਵਾਮ ਹਾਂ,
ਜਿਸਦੀ ਮਰੀ ਹੋਈ ਆਤਮਾ,
ਅਤੇ ਮਰੇ ਹੋਏ ਜ਼ਮੀਰ ਵਿੱਚ,
ਇਕਸਾਰਤਾ ਦਾ ਜਨੂੰਨ ਹੀ ਨਹੀਂ।
ਮੈਂ ਉਹ ਵੀ ਹਾਂ,
ਜੋ ਸਿਖ ਚੁੱਕਾ ਹੈ,
ਹੁਕਮਰਾਨਾਂ ਦੇ ਜੁੱਤਿਆਂ ਦੇ,
ਢਿੱਲੇ ਤੇ ਖੁੱਲੇ ਹੋਏ ਤਸਮੇ ਬੰਨਣ।

ਮੈਂ ਉਹ ਆਵਾਮ ਹਾਂ,
ਜਿਹੜਾ ਅਜ਼ਾਦੀ ਚਾਹੁੰਦਾ ਹੀ ਨਹੀਂ,
ਜਿਸਦੀ ਜਵਾਨੀ ਵਿਹਲੀ ਹੀ ਨਹੀਂ,
ਇਸ਼ਕੀਆਂ ਕਰਨ ਤੋਂ।
ਮੈਂ ਉਹ ਵੀ ਹਾਂ,
ਜਿਸਨੂੰ ਅਜ਼ਾਦ ਹਿੰਦ, ਤੇ ਉਸਦੀ ਅਜ਼ਾਦੀ,
ਦੇ ਮਾਅਨੇ ਹੀ ਨਹੀਂ ਪਤਾ,
ਅਤੇ ਖ਼ੁਦ ਨੂੰ ਅਜ਼ਾਦ ਕਹਾਉਂਦਾ ਰਹਿੰਦਾ ਹੈ।

## ਕੋਈ ਗ਼ਮ ਨਹੀਂ

*-ਸ਼ਹੀਦ ਦੇ ਬੋਲ*

ਕੋਈ ਗ਼ਮ ਨਹੀਂ ਕਿ,
ਵਿਸਾਰ ਦਿੱਤਾ ਗਿਆ ਹਾਂ,
ਆਪਣਿਆਂ ਹੀ ਲੋਕਾਂ ਵੱਲੋਂ।
ਇਸ ਗੱਲ ਦਾ ਵੀ ਗ਼ਮ ਨਹੀਂ ਕਿ,
ਬੇਕਦਰਾਂ ਦੇ ਵਸ ਪਿਆ,
ਮੈਂ ਕੰਧਾਂ 'ਤੇ ਲਟਕਣ ਜੋਗਾ ਹੀ ਰਹਿ ਗਿਆ।

ਕੋਈ ਗ਼ਮ ਨਹੀਂ ਕਿ–
ਗੱਡੀ 'ਤੇ ਪਈਆਂ ਝਰੀਟਾਂ,
ਮੇਰੀ ਤਸਵੀਰ ਹੇਠ ਲੁਕਾਉਂਦੇ ਹੋ ਤੁਸੀਂ।
ਇਹ ਵੀ ਗ਼ਮ ਨਹੀਂ ਕਿ,
ਬੇਕਦਰਾਂ ਨੇ ਦੇਸ਼ ਭਗਤਾਂ ਦੇ ਬੁੱਤ ਤਰਾਸ਼ ਦਿੱਤੇ,
ਸਾਫ਼ ਕਰ ਦਿੱਤੇ ਜਾਂਦੇ ਨੇ ਜੋ ਸਾਲ ਵਿੱਚ ਇੱਕ ਵਾਰੀ।

ਦੁੱਖ ਨਹੀਂ ਮੈਨੂੰ ਕਿ,
ਮੈਨੂੰ, ਮੇਰੇ ਵਰਗੇ ਤੇ ਮੈਥੋਂ ਉੱਚਿਆਂ ਨੂੰ,
ਬੇਵਜ੍ਹਾ ਹੀ ਚੜ੍ਹਦੇ ਰਹਿੰਦੇ ਨੇ ਫੁੱਲ ਏਥੇ।
ਗ਼ਮ ਹੈ ਤਾਂ ਬੱਸ ਇਹੀ ਕਿ,
ਜਿਸ ਅਜ਼ਾਦੀ ਲਈ ਮੈਂ ਤੁਰਿਆ ਸਾਂ,
ਨਾ, ਉਹ ਮਿਲੀ ਹੈ,
ਅਤੇ ਨਾ ਹੀ ਉਹਨੂੰ ਲੈਣ ਵਾਲੇ ਰਹੇ ਹਨ।

## ਮਿਹਨਤਾਨਾ

ਮਿਹਨਤੀ ਹੱਥਾਂ ਦਾ ਮਿਹਨਤਾਨਾ ਖਾਣ ਲਈ,
ਹਰ ਰੋਜ਼ ਵਿਉਂਤਾਂ ਘੜ੍ਹਦੇ ਨੇ,
ਆਮ ਨਾਂਅ ਵਾਲੇ ਲੋਕਾਂ ਦੇ,
ਠੀਕਰਿਆਂ ਦੇ ਪਿੱਠੂ ਢਾਹੁਣ ਲਈ।
ਉਹ ਕੁੱਤੇ, ਜਿਹੜੇ ਹਰਾਮ ਦਾ ਖਾਣਾ ਗਿੱਝ ਗਏ,
ਨਹੀਂ ਸੋਚਦੇ, ਕਿ ਕਿਸੇ ਦੀ ਮਿਹਨਤ ਤਾਂ ਹੋਵੇਗੀ,
ਕਿਸੇ ਤਾਂ ਕਮਾਏ ਹੋਣਗੇ ਹੱਕ ਹਲਾਲ ਨਾਲ,
ਉਹ ਛਿੱਲੜ, ਜਿਹੜੇ ਉਹਦੀ ਕੋਠੀ ਦੀਆਂ ਕੰਧਾਂ ਜੋੜਦੇ,
ਤੇ ਕਾਰ ਦੇ ਪਹੀਏ ਰੋੜ੍ਹਦੇ ਨੇ।

## ਪਾਰਟੀਆਂ ਦੀ ਭੀੜ

ਜੁਆਕ ਜਿਹਾ ਹੋ ਗਿਆ ਹਾਂ,
ਪਾਰਟੀਆਂ ਦੀ ਭੀੜ ਵਿੱਚ,
ਵਿੱਚ ਮੇਲੇ ਦੇ ਖੜਾ ਜੋ,
ਕੁਝ ਸੋਚ ਨਹੀਂ ਪਾਉਂਦਾ।

ਮੇਰੇ ਆਪਣੇ ਨੁੰਮਾਇੰਦੇ,
ਮੈਨੂੰ ਲਗਦੇ ਨੇ ਇੰਝ ਜਿਵੇਂ,
ਆਖਦੇ ਨੇ ਝੂਟੇ ਲੈ ਲੈ,
ਤੇਰੇ ਲਈ ਹੀ ਮੈਂ ਗਾਉਂਦਾ।

ਕੋਈ ਆਖੇ ਖੇਡ ਲੈ ਜਾ,
ਖਿਡੌਣਿਆਂ ਦੀ ਹੱਟ ਲਾਈ,
ਬਣ ਰਿਹੈ ਕੋਈ ਤਮਾਸ਼ਬੀਨ,
ਖੇਡ ਹੈ ਦਿਖਾਉਂਦਾ।

ਮੈਨੂੰ ਹੀ ਲੁੱਟਣ ਨੂੰ ਸਭ,
ਫਿਰਦੇ ਏਥੇ ਕੱਠੇ ਹੋਏ,
ਆਖਦੇ ਨੇ ਵੋਟ ਪਾ ਦੇ,
ਮੈਂ ਹੀ ਤੇਰਾ ਭਲਾ ਚਾਹੁੰਦਾ।

ਮੇਰੇ ਹੀ ਨਾਂ ’ਤੇ ਪਾਰਟੀਆਂ,
ਬਣੀਆਂ ਤੇ ਨਾਵਾਂ ਸਿਰ ਹੋਈਆਂ,
ਆਪਣੇ ਹੀ ਢੰਗੀਂ ਹਰ ਮੈਨੂੰ,
ਪਿਆ ਏ ਲੁਭਾਉਂਦਾ।

ਲੁਟ ਗਿਆ ਹਾਂ ਠੱਗਾਂ ਤੋਂ ਮੈਂ,
ਠੱਗੀਆਂ ’ਚ ਮੇਰਾ ਦੇਸ਼ ਗਿਆ,
ਸਦੀਆਂ ਤੋਂ ਆਪਾ ਇਹਨਾਂ ਉੱਤੇ,
ਰਿਹਾ ਹਾਂ ਮੈਂ ਲੁਟਾਉਂਦਾ।

## ਉਹਦੇ ਸੁਪਨਿਆਂ ’ਤੇ

ਉਹਦੇ ਸੁਪਨਿਆਂ ’ਤੇ ਵਾਹ-ਵਾਹ ਕਰਨ ਵਾਲਿਓ,
ਉਹਦੀ ਸੋਚ ਦੇ ਡਰਾਮਿਆਂ ’ਤੇ ਤਾੜੀਆਂ ਵਜਾਉਣ ਵਾਲਿਓ,
ਹੰਝੂ ਭਰ ਲੈਂਦੇ ਹੋ ਅੱਖੀ ਉਹਦੀ ਸ਼ਹਾਦਤ ’ਤੇ,
ਉਹਦੀ ਸੋਚ ’ਤੇ ਕਲਮ ਚਲਾਉਣ, ਉਹਦੇ ਗੀਤ ਗਾਉਣ ਵਾਲਿਓ।
ਮੈਨੂੰ ਪਤਾ ਹੈ, ਮੈਂ ਤੇ ਤੁਸੀਂ,
ਭੁੱਲ ਜਾਣਾ ਹੈ ਉਹਨੂੰ,
ਗੀਤ ਮੁੱਕ ਜਾਣ ਨਾਲ,
ਡਰਾਮਾ ਲੰਘ ਜਾਣ ਨਾਲ।
ਲਿਖਣ ਵਾਲਿਆਂ, ਗਾਉਣ ਵਾਲਿਆਂ ਤੇ ਡਰਾਮੇ ਵਾਲਿਆਂ ਨੇ ਵੀ,
ਲੁਕੋ ਦੇਣਾ ਹੈ ਉਹਨੂੰ, ਉਹਦੇ ਸੁਪਨਿਆਂ ਨੂੰ,
ਪੈਸਿਆਂ ਦੇ ਛੋਟੇ ਅਤੇ ਵੱਡੇ ਢੇਰਾਂ ਥੱਲੇ।
ਓਸ ਭਗਤ ਦੀ ਭਗਤੀ ਦਾ,
ਪਾਖੰਡ ਕਰਕੇ, ਢਕਵੰਜ ਕਰਕੇ,
ਲੁੱਟ ਰਹੇ ਨੇ ਪਾਖੰਡੀ ਭਾਵਨਾਵਾਂ ਲੋਕਾਂ ਦੀਆਂ।
ਹਾਂ, ਉਹਨਾਂ ਭਾਵਨਾਵਾਂ ਨੂੰ,
ਜੋ ਜਾਗਦੀਆਂ ਨੇ ਬਸ,
ਕੁਝ ਹੀ ਪਲਾਂ ਵਾਸਤੇ।
ਫਿਰ ਇਹ ਪਾਖੰਡੀ ਲਲਚਾਉਂਦੇ ਕੁੱਤਿਆਂ ਵਾਂਗ,
ਨੋਚਦੇ ਨੇ ਭਾਰਤ ਮਾਂ ਤੇ ਉਹਦੇ ਵਾਸੀਆਂ ਨੂੰ।
ਮੇਰੇ ਦੇਸ਼ ਦੇ ਵਾਸੀ ਵੀ,
ਕਿਤੇ ਘੱਟ ਨਹੀਂ ਰਹਿ ਗਏ,
ਉਛਾਲਦੇ ਰਹਿੰਦੇ ਨੇ ਬੋਟੀਆਂ,
ਕਬਰਾਂ ਖੋਦਣ ਵਾਲੇ ਕੁੱਤਿਆਂ ਮੂਹਰੇ।
ਨਾ ਹੀ ਬੋਟੀਆਂ ਸੁੱਟਣ ਵਾਲਿਆਂ ਨੇ,
ਤੇ ਨਾ ਕੁੱਤਿਆਂ ਨੇ,
ਕਿਸੇ ਨੇ ਨਹੀਂ ਉਸਾਰਨੇ,
ਉਹਦੇ ਸੁਪਨਿਆਂ ਦੇ ਮਹਿਲ।
ਹਾਂ, ਅਜ਼ਾਦ ਜ਼ਰੂਰ ਹੋ ਗਏ ਹਾਂ,
ਪਰ ਕੁੱਤਿਆਂ ਦੀ ਨਸਲ ਬਦਲ ਗਈ ਹੈ,
ਤੇ ਬੋਟੀਆਂ ਸੁੱਟਣ ਵਾਲੇ ਉਹੀ ਹਨ।

## ਕੀ ਪਰਵਾਹ ਹੈ

23 ਮਾਰਚ ਦੇ ਆਉਣ ਦੀ,
ਮੈਨੂੰ ਕੀ ਪਰਵਾਹ ਹੈ?
ਕੁਝ ਸੁਪਨਿਆਂ ਨੂੰ ਹੱਥ ਪਾਉਣ ਦੀ,
ਮੈਨੂੰ ਕੀ ਪਰਵਾਹ ਹੈ।

ਮੇਰੇ ਘਰ ਰੋਟੀ ਪੱਕਦੀ ਐ,
ਮਾਇਆ ਜ਼ਿੰਦਗੀ ਨੂੰ ਧੱਕਦੀ ਹੈ,
ਘਰਵਾਲੀ ਰਾਹਵਾਂ ਤੱਕਦੀ ਐ,
ਐਂਵੇ ਰੰਗ ਵਿੱਚ ਭੰਗ ਪਾਉਣ ਦੀ,
ਦੱਸ ਕਿਉਂ ਪਰਵਾਹ ਹੈ।

ਬਾਪੂ ਵੀ ਨੌਕਰਸ਼ਾਹੀ ਏ,
ਉਹਦਾ ਵਕਤ ਕਮਾਉਣ ਦਾ ਆਹੀ ਏ,
ਚਾਹੇ ਲੋਕਾਂ ਗ਼ਲ ਫਾਹੀ ਏ,
ਉਹਨੂੰ ਹੱਕ ਹਲਾਲ ਸਿਖਾਉਣ ਦੀ,
ਮੈਨੂੰ ਕੀ ਪਰਵਾਹ ਹੈ।

ਚੰਗੀ ਆਪਣੇ ਕੋਲ ਪੈਲ਼ੀ ਐ,
ਚਾਹੇ ਛੋਟਾ ਆਪਣਾ ਵੈਲੀ ਐ,
ਸਭ ਸੰਦ ਟਰੈਕਟਰ-ਟਰੈਲੀ ਐ,
ਫਿਰ ਡੁਬਦੇ ਕਿਰਸਾਣ ਬਚਾਉਣ ਦੀ,
ਮੈਨੂੰ ਕਿਉਂ ਪਰਵਾਹ ਹੈ।

ਨਿਆਣੇ ਪਏ ਇੰਗਲਿਸ਼ ਪੜ੍ਹਦੇ ਨੇ,
ਨਿੱਤ ਨਵੀਂ ਕਾਰ ਵਿੱਚ ਚੜ੍ਹਦੇ ਨੇ,
ਨੱਕ ਬੁੱਲ੍ਹ ਦੇਸ਼ ਨੂੰ ਕਢਦੇ ਨੇ,
ਔਹ ਨੰਗਿਆਂ ਦੇ ਨੰਗ ਢਕਾਉਣ ਦੀ,
ਮੈਨੂੰ ਕੀ ਪਰਵਾਹ ਹੈ।

ਦੇਸ਼ ਭਗਤ ਤਾਂ ਮਰਦੇ ਰਹਿੰਦੇ ਨੇ,
ਚੰਗੇ ਨੇ ਜੰਮਦੇ ਰਹਿੰਦੇ ਨੇ,
ਮੇਰੇ ਘਰ ਨਾ ਜੰਮੇ ਕਹਿੰਦੇ ਨੇ,
ਸਭ ਦੇਸ਼ ਨੂੰ ਘਰ ਅਪਨਾਉਣ ਦੀ,
ਮੈਨੂੰ ਕੀ ਪਰਵਾਹ ਹੈ।

ਮੁਲਕ ਤਾਂ ਏਦਾਂ ਈ ਰਹਿਣਾ ਏ,
ਹੀ ... ਹੀ .... ਆਪਾਂ ਕੀ ਲੈਣਾ ਏ,
ਜੇ ਉੱਲੂ ਸਿੱਧਾ ਰਹਿਣਾ ਏ,
ਡਿੱਗਦਾ ਹੋਇਆ ਮੁਲਕ ਬਚਾਉਣ ਦੀ,
ਮੈਨੂੰ ਕੀ ਪਰਵਾਹ ਹੈ।

## ਪਥਰਾਈਆਂ ਅੱਖਾਂ 'ਚੋਂ ਨੀਰ

ਧੁਖਦੇ ਦਿਲਾਂ 'ਚੋਂ ਕੀ ਨਿਕਲੇਗਾ,
ਸ਼ਾਇਦ ਆਸਾਂ ਦੇ ਹੰਝੂ,
ਜਾਂ ਆਹਾਂ ਦਾ ਨੀਰ,
ਤੇ ਜਾ ਕਿਸੇ ਹੌਕਿਆਂ ਦੀ ਦਾਸਤਾਂ।

ਗ਼ਮਗੀਨ ਚਿਹਰਿਆਂ 'ਤੇ ਲੱਭਤ,
ਹਾਂ, ਅਲਸਾਏ ਚਿਹਰਿਆਂ ਤੋਂ ਆਸ,
ਇੱਕ ਹੋਰ ਆਸ ਦਾ ਕਤਲ ਹੋਣਾ,
ਤੇ ਕਤਲ ਹੋਈ ਪਹਿਲੀ ਆਸ।

ਪਥਰਾਈਆਂ ਅੱਖਾਂ 'ਚੋਂ ਨੀਰ,
ਖੁਸ਼ੀ ਦਾ ?
ਜਾਂ ਸ਼ਾਇਦ ਗ਼ਮੀ ਦਾ,
ਖ਼ਾਲੀ ਹੋਏ ਖੂਹਾਂ ਦੀ ਦਾਸਤਾਂ।

ਕਮਾਨ ਬਣੇ ਮੋਢੇ,
ਤੇ ਉਹਨਾਂ 'ਚੋਂ ਝੁਕੇ ਹੱਥ,
ਜਵਾਨੀ ਲੱਭਣ ਲਈ,
ਜਾਂ ਢਿੱਡ ਖ਼ਾਤਰ ਪੈਰ ਫ਼ੜਨ ਲਈ।
ਰਾਹੀਂ ਤੁਰੇ ਪੈਰ,
ਮੰਗਣ ਲਈ,
ਤੇ ਬੱਸ ਮੰਗਣ ਲਈ ..................

## ਮੇਰੇ ਲੋਕਾਂ ਨੂੰ ...........

ਕੀ ਮੈਂ ਆਸ ਰੱਖ ਸਕਦਾ ਤੁਹਾਥੋਂ,
ਲੋਕਤੰਤਰ ਨੂੰ ਜਾਨਣ ਦੀ,
ਆਜ਼ਾਦੀ ਨਾਂਅ ਦੀ ਸ਼ੈਅ ਨੂੰ,
ਅਜ਼ਾਦ ਹੋ ਕੇ ਮਾਨਣ ਦੀ।

ਕੀ ਮੈਂ ਸੋਚ ਸਕਦਾਂ ਸਿਸਟਮ ਵਰਗ ਬਾਰੇ,
ਕਿ ਉਹ ਵੀ ਰੁਸ਼ਨਾਵੇਗਾ,
ਈਮਾਨਦਾਰੀ ਦੇ ਤੇਲ ਨਾਲ,
ਕੋਈ ਬਦਲਾਅ ਲਿਆਵੇਗਾ।

ਕੀ ਮੈਂ ਉਮੀਦ ਕਰ ਸਕਦਾਂ,
ਭੁੱਖਿਆਂ ਦੇ ਕੁਝ ਖਾਣ ਬਾਰੇ,
ਬੇਘਰ ਦੇਸ਼ਵਾਸੀਆਂ ਦੇ,
ਸਿਰਾਂ 'ਤੇ ਛੱਤ ਆ ਜਾਣ ਬਾਰੇ।

ਕੀ ਮੈਂ ਖ਼ਵਾਬ ਲੈ ਸਕਦੈਂ,
ਮਜ਼ਦੂਰਾਂ ਦੇ ਘਰ ਪੈਣ ਦੇ,
ਕਿਰਸਾਣ ਨਾਂ ਵਾਲੇ ਬੰਦੇ ਦੇ,
ਗਲੋਂ ਕਰਜ਼ੇ ਦੀ ਫ਼ਾਹੀ ਲਹਿਣ ਦੇ।
ਆਸ ਤੇ ਸੋਚ,
ਖ਼ਵਾਬ ਤੇ ਉਮੀਦ ..........
ਪਰ ਕਿਹਾ ਜਾਂਦੈ,
ਕਿ ਉਮੀਦ ਤੇ ਦੁਨੀਆਂ ਕਾਇਮ ਐ।

## ਕੀ....

ਕੀ ਲਿਖਣਗੀਆਂ ਇਤਿਹਾਸ,
ਇਹ ਅਣਘੜੀਆਂ ਕਾਨ੍ਹੀਆਂ।
ਕੀ ਉਸਾਰਨਗੀਆਂ ਦੇਸ਼,
ਇਹ ਨਸ਼ੇਖੋਰ ਜਵਾਨੀਆਂ।
ਕੀ ਲਿਆਉਣਗੀਆਂ ਰਾਜ,
ਸ਼ੇਰੇ-ਏ-ਪੰਜਾਬ ਦਾ ਸ਼ੈਤਾਨੀਆਂ।
ਕੀ ਜਾਗਣਗੀਆਂ ਇਹ ਅੱਖਾਂ,
ਗੱਲਾਂ ਛੱਡ ਅਸਮਾਨੀਆਂ।
ਕੀ ਮੁੜਨਗੀਆਂ ਲੰਘ ਜੋ ਗਈਆਂ,
ਸੋਹਣੇ ਵੇਗ ਦੀਆਂ ਰਵਾਨੀਆਂ।
ਕੀ ਕਰਨਗੀਆਂ ਬਰਾਬਰੀ,
ਜ਼ੁਲਮ ਤੋਂ ਹਾਰੀਆਂ ਜਨਾਨੀਆਂ।
ਕੀ ਖੜਕਦੀਆਂ ਰਹਿਣੀਆਂ ਹੁਣ,
ਕਿਰਤੀ ਦੀ ਹਥੇਲੀ 'ਤੇ ਦੁਆਨੀਆਂ।
ਕੀ ਹਟਣਗੀਆਂ ਭਰਨੋਂ ਹੁਣ,
ਪੈਸੇ ਨਾਲ ਇਹ ਅਸਾਮੀਆਂ।
ਕੀ ਹੋਣਗੀਆਂ ਇਨਸਾਫ਼ੀਆਂ,
ਕਚਹਿਰੀ ਵਿੱਚ ਫ਼ੁਰਮਾਨੀਆਂ।
ਕੀ ਪੈਣਗੀਆਂ ਕੀਮਤਾਂ ਇੱਥੇ,
ਅਜਾਈਂ ਗਈਆਂ ਕੁਰਬਾਨੀਆਂ।
ਕੀ ਖਿੜਨਗੀਆਂ ਕਲੀਆਂ ਕਦੇ,
ਜੋ ਦੇਸ਼ ਭਗਤਾਂ ਅਰਮਾਨੀਆਂ।
ਰਹਿਣਗੀਆਂ ਸੋਚਾਂ ਸਦਾ,
ਗੁਲਾਮ ਹੋਈਆਂ ਬਰਤਾਨੀਆਂ।
ਕੀ ਹੋਣਗੀਆਂ ਤਰੱਕੀਆਂ,
ਤਕਨੀਕਾਂ ਖ਼ਰੀਦ ਕੇ ਬੇਗ਼ਾਨੀਆਂ।
ਕੀ ਸੁਧਰਨਗੀਆਂ ਸਰਕਾਰਾਂ,
ਛੱਡ ਦਗ਼ੇ-ਬੇਈਮਾਨੀਆਂ।
ਕੀ ਬਦਲਣਗੀਆਂ ਤਕਦੀਰਾਂ,
ਹਿੰਦੁਸਤਾਨ-ਹਿੰਦੁਸਤਾਨੀਆਂ।

## ਕੀ ਇਹੀ ਹੈ ਜ਼ਿੰਦਗੀ

ਉੱਠ ਸੁਭਾ ਸਵੇਰੇ ਜਾਗਣਾ,
ਆਪੋ ਆਪਣਾ ਰਾਗ ਅਲਾਪਣਾ,
ਖਾਣਾ ਜਾਂ ਅੰਨ ਸਰਾਪਣਾ,
ਝੁੱਗੇ ਤੋਂ ਸ਼ਰਟ 'ਚ ਨਾਪਣਾ।

ਪੈਦਲ ਜਾਂ ਬੱਸ ਚੜ੍ਹ ਜਾਵਣਾ,
ਸਾਈਕਲ ਜਾਂ ਬਾਈਕ ਚਲਾਵਣਾ,
ਕਿਤੇ ਕਾਰ ਨੂੰ ਧੱਕਾ ਲਾਵਣਾ,
ਫਿਰ ਦਫ਼ਤਰ ਵਿੱਚ ਪੁੱਜ ਜਾਵਣਾ।

ਕੁਰਸੀ 'ਤੇ ਬੈਠੇ ਰਹਿਣ ਦਾ,
ਆਪਣੀ ਹੀ ਖ਼ੁਦ ਨੂੰ ਕਹਿਣ ਦਾ।
ਕਿਤੇ ਕਿੱਤਾ ਰਿਸ਼ਵਤ ਲੈਣ ਦਾ।
ਕਿਤੇ ਡਰ ਹੈ ਵਰਦੀ ਲਹਿਣ ਦਾ।

ਆਥਣ ਨੂੰ ਕੰਮ ਵਿੱਚ ਟੁੱਟ ਕੇ,
ਜਾਂ ਫੋਕੀ ਵਾਹ-ਵਾਹ ਕੁੱਟ ਕੇ,
ਲੋਕਾਂ ਨੂੰ ਲੁੱਟ-ਖਸੁੱਟ ਕੇ,
ਰੱਖ ਰਾਜ਼ੀ ਗਲ ਕੋਈ ਘੁੱਟ ਕੇ।

ਫਿਰ ਜਿੰਦਰੇ ਲਗਦੇ ਦਰਾਂ ਨੂੰ,
ਜਾਂ ਰਿਸ਼ਵਤ ਦੇ ਦਫ਼ਤਰਾਂ ਨੂੰ,
ਕੁਝ ਤੁਰ ਜਾਂਦੇ ਲੈ ਪਰ੍ਹਾਂ ਨੂੰ,
ਕੁਝ ਅਫ਼ਸਰ ਜਾਂਦੇ ਘਰਾਂ ਨੂੰ।

ਹੱਕ ਦੀ ਤਾਂ ਥੋੜੇ ਖਾਂਦੇ ਨੇ,
ਸਭ ਅੰਨ ਹਰਾਮ ਪਚਾਂਦੇ ਨੇ।
ਕਿਤੇ ਮੁਫ਼ਤ 'ਚ ਹੋਟਲ ਜਾਂਦੇ ਨੇ,
ਕਿਤੇ ਦਾਲ ਨੂੰ ਤੜਕਾ ਲਾਂਦੇ ਨੇ।

ਫਿਰ ਬੈੱਡ ਜਾਂ ਮੰਜੇ ਡਹਿੰਦੇ ਨੇ,
ਕਿਤੇ ਖ਼ਿਆਲ ਉਮੜਦੇ ਰਹਿੰਦੇ ਨੇ,
ਸਭ ਕਾਮੇ ਜਾ-ਜਾ ਢਹਿੰਦੇ ਨੇ,
ਕਿਤੇ ਦਿਲ ਧੜਕਦੇ ਰਹਿੰਦੇ ਨੇ।

ਹੱਕ ਦੀ ਤਾਂ ਬਹੁਤੀ ਛਾ ਜਾਂਦੀ,
ਕਿਤੇ ਸੋਚ ਨੀਂਦ ਨੂੰ ਖਾਂ ਜਾਂਦੀ,
ਕਿਤੇ ਖੋਹੀ-ਖੋਹ ਜਿਹੀ ਪਾ ਜਾਂਦੀ,
ਐਨੇ ਸੁਭਾ ਦੁਬਾਰੇ ਆ ਜਾਂਦੀ।

ਪਾਣੀ ਜਿਉਂ ਵਗਦੇ ਰਹਿੰਦੇ ਨੇ,
ਕਈ ਖ਼ਿਆਲ ਜਿਹੇ ਆਉਂਦੇ ਰਹਿੰਦੇ ਨੇ,
ਮੈਨੂੰ ਇਹ ਪੁੱਛਦੇ ਰਹਿੰਦੇ ਨੇ,
ਕੀ ਏਸੇ ਨੂੰ ਜ਼ਿੰਦਗੀ ਕਹਿੰਦੇ ਨੇ?

## ਮੁਰਦਿਆਂ ਦੀ ਜੂਨ

ਮੁਰਦਿਆਂ ਦੀ ਜੂਨ ਵੀ ਕੋਈ ਜੂਨ ਐ!
ਸ਼ਾਂਤ, ਸਥਿਰ ਤੇ ਬੱਸ, ਉਂਝ ਹੀ ਜੀਅ ਜਾਣਾ,
ਬੇਮਤਲਬ ਜਿਹੀ ਜ਼ਿੰਦਗੀ।
ਇਹੋ ਜਿਹੀ ਜ਼ਿੰਦਗੀ ਨੂੰ ਕੋਈ ਫਰਕ ਨਹੀਂ ਪੈਂਦਾ,
ਕਿ ਕਿਹੜੀ ਚਾਲ 'ਚ ਹੈ,
ਦੇਸ਼ ਤੇ ਆਮ ਆਦਮੀ।
ਕੋਈ ਸੁਰਤ ਨਹੀਂ ਬੇਸੁਰਤਿਆਂ ਨੂੰ,
ਦੇਸ਼ ਤੇ ਆਮ ਆਦਮੀ ਦੀ ਚਾਲ ਦੀ,
ਤੇ ਦੋਹਾਂ ਦੀ ਮੱਧਮ ਹੁੰਦੀ ਤਾਲ ਦੀ।
ਇਹੋ ਜਿਹੇ ਬੇਸੁਰਤ ਮੁਰਦੇ,
ਆਕਸੀਜਨ, ਪਾਣੀ ਤੇ ਕੁਦਰਤ ਵਿੱਚ ਸੜਾਂਦ ਘੋਲਦੇ,
ਮੋਢਿਆਂ 'ਤੇ ਵਜ਼ਨ ਤੋਲਦੇ,
ਚਾਲੇ ਪੈਂਦੇ ਨੇ ਜ਼ਹਿਰੀਲੀ ਕਰ 'ਵਾ ਤਾਈਂ।
ਤੇ ਮੇਰੇ ਦੇਸ਼ ਵਾਸੀ,
ਬਹੁਤੇਰੇ ਜੀਅ ਰਹੇ ਨੇ ਜੂਨ ਮੁਰਦਿਆਂ ਦੀ!

## ਗ਼ੁਲਾਮ

ਗ਼ੁਲਾਮੀ ਵੇਲੇ ਵੀ ਏਨੇ ਗ਼ੁਲਾਮ ਨਹੀਂ ਸਾਂ,
ਜ਼ਰਾ ਦੇਖ ਅੱਜ ਕਿੰਨੇ ਨੇ ਗੁਲਾਮ ਬੈਠੇ।
ਲਾ ਮੰਗਤਿਓ ਭੀੜ ਵਧੀ ਸਭ ਪਾਸੇ,
ਕੁਰਸੀ ਵਾਲਿਆਂ ਨੂੰ ਸਭ ਨੇ ਸਲਾਮ ਬੈਠੇ।
ਹੱਕ ਨਾਲ ਨਾ ਜ਼ਿੰਦਗੀ ਜਿਊਂਈ ਜਾਂਦੀ,
ਸਾਹਾਂ ਲਈ ਸਾਹ ਦੱਬੀਂ ਕਈ ਨਾਮ ਬੈਠੇ।
ਹੇਠਾਂ ਅਸੀਂ ਬੈਠੇ ਉੱਤੇ ਕੁਰਸੀਆਂ ਨੇ,
ਉਹਨਾਂ ਉੱਤੇ ਤੇ ਉੱਤੇ ਕਈ ਆਮ ਬੈਠੇ।
ਅਜ਼ਾਦੀ ਮਿਲੀ ਤਾਂ ਮਿਲੀ ਕੁੱਝ ਘਰਾਂ ਤਾਈਂ,
ਆਮ ਲੋਕਾਂ ਦੇ ਸਿਰੀਂ ਬਣ ਧਾਮ ਬੈਠੇ।
ਇਹਨਾਂ ਧਾਮਾਂ ਦਾ ਭਲਾ ਸਰਬਤ ਦਾ ਹੈ,
ਜਾਣੂੰ ਸਰਬਤ ਦੇ ਨੇ ਇਹ ਤਮਾਮ ਬੈਠੇ।
ਸਾਨੂੰ ਸਭ ਨੂੰ ਇਲਮ ਗੁਲਾਮੀ ਦਾ ਹੈ,
ਚੁੱਪ ਕੀਤੇ ਕਿਉਂ ਹੁਣ ਹਾਂ ਗੁਲਾਮ ਬੈਠੇ।
ਦਿਉ ਉਧੇੜ-ਉਖੇੜ ਸਭ ਧਾਮ ਸਿਸਟਮ,
ਇੱਕਜੁਟ ਹੋਵੋ ਖਿੰਡੇ ਕਿਉਂ ਆਮ ਬੈਠੇ।

# ਬੇਕਾਰ ਵਾਲਿਦ

ਕਲਮ ਤੋਂ ਕਾਗਜ਼ ਦਾ ਜ਼ਨਾ ਕਰਾਉਣਾ,
ਤੇ ਪੈਦਾ ਕਰਨੀਆਂ ਬੇਅਰਥ ਔਲਾਦਾਂ।
ਬੇਅਰਥ ਔਲਾਦਾਂ ਕਰਕੇ ਕੁਦਰਤ ਦਾ ਨਾਸ ਹੋਣਾ,
ਤੇ ਦਰਖ਼ਤਾਂ ਦੀਆਂ ਜੜ੍ਹਾਂ ’ਤੇ ਫੌਲਾਦਾਂ।
ਬੇਅਰਥ ਔਲਾਦਾਂ ਦੇ ਬੇਕਾਰ ਵਾਲਿਦ,
ਤੇ ਬੇਲੋੜੀ ਸੋਚ ਦੇ ਮਾਲਕ।
ਬੱਸ ਕਾਲਜੀ ਇਸ਼ਕ ਦੇ ਪੱਤਰੇ ਭਰਨ ਵਾਲੇ,
ਤੇ ਬੇਅਰਥ ਘਾਲਣਾ ਦੇ ਘਾਲਕ।
ਪਤਾ ਨਹੀਂ ਮੈਨੂੰ ਕਿਵੇਂ ਕਰਦੇ ਨੇ ਹਰ ਵੇਲੇ,
ਸੋਹਣੀ ਕੁੜੀ ਦੇ ਹੁਸੀਨ ਖ਼ਿਆਲਾਂ ਦੀ ਗੱਲ।
ਤੇ ਪਤਾ ਨਹੀਂ ਕਿਉਂ ਨਹੀਂ ਵਿਚਾਰਦੇ,
ਸੋਹਣੀਆਂ ਤੋਂ ਸੋਹਣੀ ਭਾਰਤ ਮਾਂ ਦਾ ਕੱਲ੍ਹ।

## ਸਰਕਾਰ ਤੋਂ ਬਿਮਾਰ ਤੱਕ

ਸੱਤਾਧਾਰੀਆਂ ਦੀ ਸਰਕਾਰ ਹੈ,
ਜਨਤਾ ਦੀ ਵੀ ਤਾਂ ਸਰਕਾਰ ਹੈ,
ਤੇ ਲੁਟਦੀ ਸਦੀਵੀ,
ਸਰਕਾਰ ਨੂੰ ਸਰਕਾਰ ਹੈ।

ਸਾਡੀ ਸੱਤਾ ਬੇਕਾਰ ਹੈ,
ਚੋਣਕਾਰੀ ਵੀ ਬੇਕਾਰ ਹੈ,
ਹੈ ਨਿਰੀ ਹੀ ਬੇਕਾਰੀ,
ਕਿਉਂਕਿ ਬੇਕਾਰ ਦਾ ਬੇਕਾਰ ਹੈ।

ਨੇਤਾਵਾਂ ਦਾ ਬਜ਼ਾਰ ਹੈ,
ਜਨਤਾ ਦਾ ਵੀ ਬਜ਼ਾਰ ਹੈ,
ਬਹੁਮੁੱਲੇ ਨੇ ਗਧੇ,
ਤੇ ਗਧਿਆਂ ਦਾ ਬਜ਼ਾਰ ਹੈ।

ਸਭ ਸਿਸਟਮ ਬਿਮਾਰ ਹੈ,
ਤੇ ਡਾਕਟਰ ਵੀ ਬਿਮਾਰ ਹੈ,
ਬਿਮਾਰਾਂ ਦੀ ਬਿਮਾਰੀ ਵਿੱਚ,
ਭਾਰਤ ਮਾਂ ਬਿਮਾਰ ਹੈ।

## ਅੱਖਾਂ ਲੋੜਦੀਆਂ ਨੇ ............

ਅੱਖਾਂ ਲੋੜਦੀਆਂ ਨੇ ਅੱਜ ਇੱਕ ਕਹਿਰ ਨੂੰ,
ਦਿਲ ਦੀ ਧੜਕਣ ਲੋੜੇ ਦਿਲੋਂ ਉੱਠੀ ਲਹਿਰ ਨੂੰ,
ਜਿੱਥੇ ਵਸਣ ਕਸਾਈ ਢਾਹ ਦਈਏ ਉਸ ਸ਼ਹਿਰ ਨੂੰ,
ਓ ਮੁੰਡਿਓ ਸ਼ਹਿਰ ਨੂੰ,
ਦੇਈਏ ਅੱਗ ਲਾ ਠਹਿਰ ਨੂੰ।

ਲਾਲ ਦੇਖਣ ਨੂੰ ਨੈਣ ਨੇ ਪਿਆਸ ਗਏ,
ਹੈ ਜਿਹੜਾ ਲੋਕਤੰਤਰ ਇੱਥੇ ਹੁਣ ਭਾਸ ਗਏ,
ਯੋਧੇ ਕੁਝ ਕਈਆਂ ਨੂੰ ਕਰਕੇ ਖ਼ਲਾਸ ਗਏ,
ਓ ਕਰਕੇ ਖ਼ਲਾਸ ਗਏ,
ਭਗਤਾਂ ਦੇ ਪਾਸ ਗਏ।

ਕੁਝ ਚਿਰ ਪਹਿਲਾਂ ਨੇਤਾ ਜਿਹਨੇ ਮਾਰਿਆ,
ਹੋ ਸਕਦੈ ਕੋਈ ਮੁੱਲ ਹੋਵੇ ਤਾਰਿਆ,
ਖਾਧਾ ਬੜਿਆਂ ਤੇ ਥੋੜਿਆਂ ਸੰਵਾਰਿਆਂ,
ਓ ਥੋੜਿਆਂ ਸੰਵਾਰਿਆ,
ਆ ਜਵਾਨਾ ਮੈਂ ਤੈਨੂੰ ਐ ਵੰਗਾਰਿਆ।

## ਕਿਉਂ ਮਰਨ ਮੇਰੇ

ਨਕਸਲੀ ਮਰਨਗੇ ਜਾਂ ਜਵਾਨ ਮਰਨਗੇ,
ਸੀ. ਆਰ. ਪੀ. ਹਰੇਗੀ ਜਾਂ ਖ਼ਾਲਿਸਤਾਨੀ ਹਰਨਗੇ।
ਕੁਝ ਹਰਨਗੇ, ਕੁਝ ਮਰਨਗੇ,
ਕੁਝ ਲੜਨਗੇ, ਬਾਕੀ ਭਰਨਗੇ।
ਲਹੂ ਡੁੱਲੀ ਚੁੱਪ, ਨਿਕਲੂਗੀ ਧੁੱਪ,
ਫੇਰ ਹੋਊ ਗੰਢਤੁੱਪ, ਅੰਤ ਫੇਰ ਨ੍ਹੇਰ ਘੁੱਪ।
ਫੱਟ ਕਿਤੇ ਵੀ ਖੁੱਲੇ, ਲਹੂ ਆਪਣਾ ਹੀ ਡੁੱਲੇ,
ਵਗ ਜਾਂਦੇ ਨ੍ਹੇਰ ਬੁੱਲ੍ਹੇ, ਠੰਢੇ ਹੋ ਜਾਂਦੇ ਚੁੱਲ੍ਹੇ।
ਜੋਕਾਂ ਦੀ ਸਿਆਸਤ ਫਿਰ ਜਾਗ ਜਾਣੀ,
ਜ਼ਹਿਰ ਪਾਉਣਾ ਖੂਹ ਦੇ ਵਿੱਚ, ਤੇ ਕਾਂਜੀ ਵਾਲਾ ਪਾਣੀ।
ਸਭ ਹੋ ਗਈ ਬਾਦੀ, ਸਬੂਤ ਕੁਝ ਖਾਧੀ,
ਸਾਡੀ ਹੈ ਨਾ ਤੁਹਾਡੀ, ਇਹ ਕਾਹਦੀ ਐ ਅਜ਼ਾਦੀ।
ਇਹ ਨਾ ਹੁੰਦਾ, ਅਜ਼ਾਦੀ, ਜੇ ਨਿਕਲ ਆਉਂਦੀ ਓਥੋਂ,
ਫਾਈਲਾਂ 'ਚ ਬੰਦੀ ਕੀਤੇ ਉਹਨਾਂ ਕਾਗਜ਼ਾਂ ਦੀ ਕੁੱਖੋਂ।

## ਲਹੂ ਲੱਗੇ ਮੂੰਹਾਂ ਵਾਲੇ

ਲਹੂ ਲੱਗੇ ਮੂੰਹਾਂ ਵਾਲੇ ਕੁਝ ਬੰਦੇ,
ਛੇਤੀ ਨਾਲ ਨਲਕਿਆਂ ਹੇਠ ਹੋ ਗਏ,
ਤੇ ਧੋਤੇ ਮੂੰਹ ਲੈ ਕੇ,
ਹੋ ਤੁਰੇ ਕਬਰਿਸਤਾਨਾਂ ਵੱਲ,
ਲੱਖਾਂ ਸ਼ਹੀਦਾਂ ਦੀਆਂ ਦਫ਼ਨਾਈਆਂ ਅਰਥੀਆਂ,
ਖੋਦ ਦਿੱਤੀਆਂ,
ਤੇ ਲਾਹ ਲਏ ਸਭ ਕਫ਼ਨ,
ਜਿਨ੍ਹਾਂ 'ਚ ਉਹ ਲਪੇਟੇ ਸਨ,
ਨਾਲ ਦੀ ਨਾਲ ਹੀ,
ਉਹ ਵੀ ਨਹੀਂ ਛੱਡੇ,
ਜਿਨ੍ਹਾਂ ਨੂੰ ਅਜੇ ਦਫਨਾਉਣਾ ਸੀ।
ਤਾਕਤ ਰੱਖਣ ਵਾਲੇ ਵੱਡੇ ਬੰਦਿਆਂ ਨੇ,
ਭੱਜ ਕੇ ਸਭ ਤੋਂ ਪਹਿਲਾਂ,
ਭਗਤ ਸਿੰਘ ਵਰਗੇ ਸ਼ਹੀਦਾਂ ਦੇ ਕਫ਼ਨ ਨੂੰ ਹੱਥ ਪਾਇਆ,
ਸ਼ਹੀਦ ਹੋਏ ਗੁਰੂ ਅਰਜਨ ਤੇ ਤੇਗ਼ ਬਹਾਦਰ ਦੇ ਨਾਂ ਵਾਲੀ,
ਧਰਤੀ ਨੂੰ ਵੀ ਨਹੀਂ ਛੱਡਿਆ।
ਫੇਰ ਹੌਲੀ-ਹੌਲੀ ਚੰਦਰ ਸ਼ੇਖਰ,
ਬਿਸਮਿਲ, ਅਤਾ ਉੱਲਾ, ਇਸ਼ਫਾਕ,
ਸਭ ਦੇ ਕਫ਼ਨ ਲਾਹ ਲਏ ਗਏ।
ਕੁਝ ਲੋਕਾਂ ਨੇ ਨੰਗੇ ਸਿਰਾਂ 'ਤੇ,
ਝਾੜ ਕੇ ਸਫ਼ੈਦ ਕਫ਼ਨ ਹੀ ਬੰਨ੍ਹ ਲਏ,
ਬਾਕੀ ਭੱਜ ਤੁਰੇ,
ਵਾਹੋਦਾਹ ਲਲਾਰੀਆਂ ਕੋਲ,
ਤੇ ਨੀਲੀਆਂ, ਕੇਸਰੀ,
ਹਰੀਆਂ, ਕਾਲੀਆਂ ਪਗੜੀਆਂ ਰੰਗਵਾ ਲਈਆਂ।

# ਸਵਰਾਜ

“ਸਵਰਾਜ”,
ਸਵਰਾਜ ਸੁਣਦਿਆਂ ਹੀ,
ਲਾਲ ਤੇ ਨੀਲੇ ਟਰੈਕਟਰ,
ਸ਼ਾਮਲ ਹੋ ਜਾਂਦੇ ਨੇ,
ਅੱਜ ਦੀ ਪਦਾਰਥਵਾਦੀ ਸੋਚ ਵਿੱਚ।
ਤੇ ਵੱਡੇ ਲੋਕਾਂ ਦੀ ਇਹ ਸੋਚ,
ਬਸ ਮਾਲ ਢੋਣ ਤੱਕ ਹੀ ਸੀਮਤ ਰਹਿ ਜਾਂਦੀ ਹੈ।
ਛੋਟੇ ਲੋਕ-ਉਨ੍ਹਾਂ ਲਈ ਤਾਂ “ਸਵਰਾਜ”,
ਇੱਕ ਨਾਂਅ ਹੈ,
ਜੋ ਟਰੈਕਟਰਾਂ ਦੇ ਜਨਮ ਲੈਣ ਵੇਲੇ,
ਰੱਖ ਦਿੱਤਾ ਗਿਐ,
ਹਰ ਨਿਆਣੇ ਦੇ ਨਾਂਅ ਵਾਂਗ।
ਪਰ, ਸਵਰਾਜ,
ਹਾਏ ਸਵਰਾਜ,
ਤੇ ਤੇਰੇ ਅਸਲ ਮਾਇਨੇ,
ਜਿਨ੍ਹਾਂ ’ਚ ਲੁਕਿਐ,
ਆਮ ਆਦਮੀ ਦਾ ਰਾਜ,
ਜਿਸਦੇ ਸਿਰ ’ਤੇ ਲੋਕਤੰਤਰ,
ਅਤੇ ਖੜਾ ਹੈ ਲੋਕਤੰਤਰੀ ਭਾਰਤ।
ਇਸੇ ਲੋਕਤਾਂਤਰਿਕ ਗੁੰਝਲਾਂ ’ਚ,
ਉਲਝੀ ਹੈ ਲੋਕਤਾਂਤਰਿਕ ਅਜ਼ਾਦੀ,
ਜਿਸਦਾ ਮੁੱਲ ਨਾ ਕਿਸੇ ਨੂੰ ਪਤਾ ਹੈ,
ਅਤੇ ਨਾ ਹੀ ਅੱਜ,
ਕੋਈ ਐਸੀ ਅਜ਼ਾਦੀ ਚਾਹੁੰਦੈ।
ਤੇ ਹਾਂ,
ਅਜ਼ਾਦੀ ਮਿਲ ਜਾਵੇਗੀ,
ਜ਼ਰੂਰ ਮਿਲੇਗੀ,
ਲੋਕਤਾਂਤਰਿਕ ਅਜ਼ਾਦੀ,
ਬੱਸ ਆਮ ਆਦਮੀ ਨੂੰ,
‘ਸਵਰਾਜ’ ਸਮਝਾ ਦਿਓ।

## ਹੱਥ

ਮਰਦੇ ਹੀ ਤਾਂ ਹਾਂ,
ਸਾਡੇ ਸੇਵਾਦਾਰਾਂ ਦੇ ਹੱਥੋਂ,
ਨੌਕਰਾਂ ਦੇ ਹੱਥੋਂ,
ਉਹਨਾਂ ਹੱਥੋਂ
ਜਿਨ੍ਹਾਂ ਨੂੰ ਦੇ ਦਿੰਦੇ ਹਾਂ,
ਖ਼ੁਦ ਹੀ ਹੱਥ ਵੱਢ ਕੇ,
ਤੇ ਮਜ਼ਬੂਤ ਕਰਦੇ ਰਹਿੰਦੇ ਹਾਂ,
ਉਹਨਾਂ ਦੇ ਹੱਥ,
ਜੋ ਚੰਬੜੇ ਰਹਿੰਦੇ ਨੇ,
ਕੁਰਸੀ ਨੂੰ ਅਗਲੇ ਪੰਜ ਸਾਲਾਂ ਲਈ।
ਤੇ ਅਸੀਂ ਫਿਰ,
ਹੱਥਲ ਹੋ ਜਾਂਦੇ ਹਾਂ,
ਅਗਲੇ ਪੰਜ ਸਾਲਾਂ ਲਈ।
ਤੇ ਫਿਰ,
ਅੱਡਦੇ ਰਹਿੰਦੇ ਹਾਂ ਖ਼ਾਲੀ ਹੱਥ,
ਤੇ ਨਾਲੇ ਫੜਾਉਂਦੇ ਰਹਿੰਦੇ ਹਾਂ,
ਮਿਹਨਤ ਹੱਥੋਂ ਹੱਥੀ,
ਹੱਥਾਂ ਵਾਲੇ ਸੇਵਾਦਾਰਾਂ ਨੂੰ,
ਤੇ ਇਸ ਤਰ੍ਹਾਂ,
ਹੱਥੋਪਾਈ ਹੁੰਦੀ ਰਹਿੰਦੀ ਹੈ,
ਕੁਰਸੀ ਪਾਉਣ ਲਈ,
ਤੇ ਜ਼ਿੰਦਗੀ ਜਿਉਣ ਲਈ।

## ਸੰਘਰਸ਼

ਕਦੇ ਵੀ ਹੈਵਾਨੀਅਤ, ਪੂਰੀ ਤਰ੍ਹਾਂ ਭਾਰੂ ਨਹੀਂ ਹੁੰਦੀ,
ਤੇ ਸ਼ਾਇਦ ਨਾ ਹੀ ਇਨਸਾਨੀਅਤ।
ਸ਼ਾਇਦ ਦੇਵ ਤੇ ਦਾਨਵ,
ਨਾ ਹੀ ਹੋਣ,
ਤੇ ਨਾ ਹੀ ਕਦੇ,
ਰਿੜਕਿਆ ਹੋਵੇ ਸਮੁੰਦਰ,
ਜਿਸ ਵਿੱਚੋਂ ਵਿਸ਼ ਤੇ ਅੰਮ੍ਰਿਤ ਨਿਕਲੇ।
ਭਾਸਣਯੋਗ ਜੋ ਹੈ,
ਤੇ ਬੱਸ ਵਿਚਾਰ,
ਸੋਹਣੇ ਵਿਚਾਰੋਂ ਉਪਜੇ ਦੇਵਤੇ,
ਮਾੜਿਆਂ ਤੋਂ ਉਪਜੇ ਦੈਂਤ।
ਤੇ ਫੇਰ,
ਵਿਚਾਰੋਂ ਜਣੇ ਦੇਵ,
ਤੇ ਨਾਲ ਹੀ ਜਨਮੇ ਦੈਂਤ,
ਸੰਘਰਸ਼ਦੇ ਰਹਿੰਦੇ ਨੇ,
ਦਿਮਾਗ ਦੇ ਮੈਦਾਨ-ਇ-ਜੰਗ ਵਿੱਚ,
ਤੇ ਇਸ ਤਰ੍ਹਾਂ,
ਜ਼ਿੰਦਗੀ ਤੁਰੀ ਰਹਿੰਦੀ ਐ,
ਸੰਘਰਸ਼ ਦੇ ਰਾਹ,
ਸੰਘਰਸ਼ ਦੇ ਰਾਹ।

## ਗ਼ਰੀਬ ਦਾ ਥੱਪੜ

ਚੰਡ ਮਾਰਦੇ ਰਹਿੰਦੇ ਨੇ,
ਹੁਕਮਰਾਨਾਂ ਤੇ ਸਿਆਸਤਦਾਨਾਂ ਦੇ ਹੱਥ,
ਗ਼ਰੀਬ ਜਨਤਾ ਦੇ ਮੂੰਹਾਂ ’ਤੇ,
ਤੇ ਹਰ ਵਾਰ,
ਇਹੀਓ ਹੁੰਦੈ ਜਦ ਤੱਕ,
ਜਦ ਤੱਕ,
ਹੰਕਾਰੀ ਭਾਰੂ ਹੁੰਦੈ,
ਆਪਣੇ ਮਤਲਬ ਲਈ,
ਤੇ ਕੁਚਲਦਾ ਰਹਿੰਦੈ,
ਗਰੀਬ ਜਨਤਾ ਨੂੰ।
ਪਰ ਹਾਂ,
ਤਾਕਤਵਰ ਹੁਕਮਰਾਨਾਂ ਦੇ ਮੂੰਹਾਂ ’ਤੇ,
ਲਾਲ ਦਗ਼ਦੇ ਮੂੰਹਾਂ ’ਤੇ,
ਜਦੋਂ ਨਿੱਕੇ ਜਿਹੇ,
ਗ਼ਰੀਬ ਤੇ ਕਮਜ਼ੋਰ ਬਾਲਕ ਦਾ ਥੱਪੜ ਪੈਂਦੈ,
ਉਦੋਂ ਹੀ,
ਹਾਂ ਉਦੋਂ ਹੀ ਇਨਕਲਾਬ ਆਉਂਦੈ,
ਤੇ ਸੈਲਾਬ ਆਉਂਦੈ,
ਜੋ ਰੋੜ੍ਹ ਕੇ ਲੈ ਜਾਂਦੈ ਸਭ,
ਤੇ ਪੱਧਰਾ ਕਰ ਦਿੰਦੈ,
ਤੇ ਫੇਰ,
ਸਭ ਬਰਾਬਰ, ਸਭ ਬਰਾਬਰ

## ਐਵੇਂ

ਮਹਿਸੂਸ ਕਰੋ, ਮਹਿਸੂਸ ਕਰੋ,
ਉਸ ਹੋਂਦ ਨੂੰ।
ਦੇਖੋ ਜ਼ਰਾ, ਦੇਖੋ ਜ਼ਰਾ,
ਨੀਝ ਲਾ ਕੇ।
ਸੁਣੋ ਤਾਂ ਸਹੀ, ਸੁਣੋ ਤਾਂ ਸਹੀ,
ਕਿਸੇ ਧਿਆਨ ਵਿੱਚ।
ਹਾਂ, ਮਹਿਸੂਸੋ, ਦੇਖੋ ਤੇ ਸੁਣੋ,
ਭਗਤ ਨੂੰ, ਸਰਾਭੇ ਨੂੰ ਬਿਸਮਿਲ ਤੇ ਅਸ਼ਫਾਕ ਨੂੰ,
ਗੁਰੂ ਗੋਬਿੰਦ ਨੂੰ, ਸ਼ਿਵਾਜੀ ਨੂੰ, ਤਾਂਤਿਆ ਤੇ ਆਜ਼ਾਦ ਨੂੰ।
ਕੀ ਸੁਨੇਹਾ ਹੈ, ਕੀ ਸੁਨੇਹਾ ਹੈ,
ਲੱਭੋ ਤਾਂ ਜ਼ਰਾ।
ਰਾਹ ਕਿਹੜੈ, ਕਿਹੜਾ ਰਾਹ ਹੈ,
ਕਿੱਧਰ ਨੂੰ ਹੈ, ਤੇ ਕਿਉਂ ਹੈ,
ਜਾਣੀਏ ਤਾਂ ਕੇਰਾਂ।
ਤੇ ਫੇਰ,
ਜ਼ਿੰਦਗੀ ਨੂੰ ਤੋਰੀਏ,
ਮੁਕਾਮ ਵਾਲੇ ਰਾਹ ਤੇ,
ਉਸ ਜ਼ਿੰਦਗੀ ਨੂੰ,
ਜਿਹੜੀ ਐਵੇਂ ਹੈ,
ਤੇ ਐਵੇਂ ਜੀਣਾ,
ਕੋਈ ਜ਼ਿੰਦਗੀ ਨਹੀਂ ਹੁੰਦੀ।

## ਉਡੀਕ

ਮੇਰੇ ਦੇਸ਼ ਦਾ ਮਜ਼ਦੂਰ,
ਹਾਲੇ ਡਿੱਗਿਆ ਨਹੀਂ,
ਪਰ ਡਗਮਗਾ ਰਿਹੈ।
ਮੱਧ ਵਰਗ ਦਾ ਕਿਰਸਾਨ ਵੀ,
ਹਾਲੇ ਮਿੱਧਿਆ ਨਹੀਂ,
ਮਿੱਧਿਆ ਨਹੀਂ,
ਪਰ ਠੁੱਡੇ ਖਾ ਰਿਹੈ।
ਮੇਰੇ ਦੇਸ਼ ਦਾ ਆਵਾਮ,
ਅਵਾਮੇ-ਆਮ,
ਹਾਲੇ ਜਾਗਿਆ ਨਹੀਂ,
ਸੌਂ ਰਿਹੈ,
ਪਰ ਨਹੀਂ ਪਤਾ ਕੈਸੀ ਨੀਂਦ ਵਿੱਚ।
ਅੱਭੜਵਾਹਾ ਜਿਹਾ,
ਕਿਉਂ ਨਹੀਂ ਉੱਠਦਾ,
ਪਤਾ ਨਹੀਂ,
ਇਹ ਕਿਉਂ ਨਹੀਂ ਜਾਗਦਾ।
ਡਰਾਉਣੇ ਸੁਪਨਿਆਂ ਤੋਂ,
ਖਹਿੜਾ ਛੁੜਾਵੇਗਾ ਵੀ,
ਜਾਂ ਸੁੱਤਾ ਹੀ ਰਹੇਗਾ।
ਜਾਪਦਾ ਹੈ,
ਕਿ ਹਾਲੇ ਡਿੱਗਿਆ ਨਹੀਂ,
ਤੇ ਨਾ ਹੀ,
ਮਿੱਧਿਆ ਗਿਐ ਸੁਆਰ ਕੇ।
ਜਾਂ ਸ਼ਾਇਦ
ਹਾਲੇ ਨੀਂਦ ਅਧੂਰੀ ਹੈ।
ਮੈਂ ਉਡੀਕ ਰਿਹਾਂ,
ਮੈਂ ਉਡੀਕ ਰਿਹਾਂ,
ਕਿ ਕਦ ਜਾਗੇਂਗਾ,
ਤੂੰ ਕਦੋਂ ਜਾਗੇਂਗਾ।

## ਮੇਰੇ ਡੁੱਬਣ ਤੋਂ ਪਹਿਲਾਂ

ਤੂੰ ਚੜ੍ਹ ਜਾਵੀਂ ਸੂਰਜਾ,
ਵੇ ਸੂਰਜਾ ਕ੍ਰਾਂਤੀ ਦਿਆ,
ਮੇਰੇ ਡੁੱਬਣ ਤੋਂ ਪਹਿਲਾਂ।
ਤੂੰ ਜਾਗ ਪਈਂ ਬੰਦਿਆ,
ਆਮ ਨਾਂ ਦੇ ਵਾਲਿਆ,
ਮੇਰੇ ਸੌਣ ਤੋਂ ਪਹਿਲਾਂ।
ਗੁਲਾਬ ਦਿਆ ਲਾਲ ਫੁੱਲਾ,
ਵੇ ਸੰਘਰਸ਼ਾ ਫੁੱਟੀ ਦਿਲਾਂ ਵਿੱਚੋਂ,
ਮੇਰੇ ਮੁਰਝਾਉਣ ਤੋਂ ਪਹਿਲਾਂ।
ਅੱਖਾਂ ਖੋਲ ਲਈਂ ਇਨਕਲਾਬ,
ਤੇ ਹੜ੍ਹ ਬਣ ਡੋਬ ਲਈ ਸਭ,
ਮੇਰੇ ਡੁੱਬਣ ਤੋਂ ਪਹਿਲਾਂ।
ਅਜ਼ਾਦੀਏ ਨੀ ਵੀਰਾਂ ਦੀਏ,
ਆ ਜਾਵੀਂ ਸੁਵਖਤੇ ਤੂੰ ਵੀ,
ਸ਼ਾਮ ਹੋਣ ਤੋਂ ਪਹਿਲਾਂ।
ਦੇਖਣਾ ਚਾਹੁੰਦਾ ਹਾਂ ਪਲ,
ਇਨਕਲਾਬ-ਇਕਸਾਰਤਾ ਦੇ,
ਰੁਖ਼ਸਤ ਹੋਣ ਤੋਂ ਪਹਿਲਾਂ।

## ਲੋਕ

ਕਿਹੜੇ ਇਨਸਾਨਾਂ ਦੀ ਗੱਲ ਕਰਦੇ ਓ?
ਕਿਸ ਦੀ ਤਾਰੀਫ਼ ਦੇ ਪੁਲ ਬੰਨ੍ਹਦੇ ਓ?
ਕੀ ਲਿਖਦੇ ਓ, ਤੇ ਕੀ ਬੋਲਦੇ ਓ?
ਜ਼ਰਾਂ ਦੱਸੋ ਤਾਂ ਸਹੀ,
ਮੈਨੂੰ ਦੱਸੋ, ਕਿ ਕੀ ਸੁਣਦੇ ਓ?
ਓ ਲੋਕੋ,
ਕਿਹੜੇ ਧਰਮਾਂ ਦੀ ਗੱਲ ਹੈ ਤੁਹਾਡੀ?
ਕਿਹੜੀਆਂ ਜਾਤਾਂ 'ਚ ਫਸੇ ਓ?
ਸ਼ਾਇਦ 'ਲੋਕ' ਕਹਿਣਾ ਵੀ ਠੀਕ ਨਹੀਂ ਤੁਹਾਨੂੰ,
ਕਿਉਂਕਿ 'ਲੋਕ',
ਅੰਤਰ ਨਹੀਂ ਕਰਦਾ,
ਊਚ-ਨੀਚ ਵਿੱਚ,
ਵੱਡੇ-ਛੋਟੇ ਵਿੱਚ,
ਧਰਮਾਂ ਜਾਤਾਂ ਵਿੱਚ,
ਪਰ ਤੁਸੀਂ ਤਾਂ ਚਾਹੁੰਦੇ ਓ,
ਇਹੀ, ਕਿ ਤੁਸੀਂ ਲੋਕ ਨਹੀਂ।

## ਤਾਣਾ ਬਾਣਾ ਤੇ ਮੈਂ

ਵੱਡੀਆਂ ਤਰੀਫ਼ਾਂ ਦੇ ਹੇਠ ਲੁਕੇ,
ਪਖੰਡੀ ਦੇਸ਼ ਭਗਤਾਂ ਨੂੰ ਕੋਈ ਨਹੀਂ ਜਾਣਦਾ।
ਕਿੰਨੇ ਖੇਖਣਾਂ 'ਚ ਉਲਝੇ ਨੇ ਵਿਚਾਰੇ,
ਓ .........ਹੋ,
ਕਿੰਨੇ ਈ ਪਹਿਰਾਵੇ ਬਦਲਦੇ ਨੇ,
ਤੇ ਪਹਿਰਾਵੇ ਦੇ ਨਾਲ-ਨਾਲ,
ਜ਼ਮੀਰ ਤੇ ਈਮਾਨ ਵੀ ਲਾਹੁੰਦੇ ਜਾਂਦੇ ਨੇ।
ਮੈਨੂੰ ਕੁਝ ਸਮਝ ਨਹੀਂ ਆਉਂਦੀ,
ਕਿਉਂ ?
ਕਿਉਂ ਨਾਅਰੇ ਮਾਰਦੇ ਨੇ ਲੋਕ,
ਉਹ ਲੋਕ,
ਜਿਹੜੇ ਲੁਟਦੇ ਨੇ ਉਨ੍ਹਾਂ ਨੂੰ ਹੀ।
ਕਿਉਂ ?
ਕਿਉਂ ਦਿੰਦੇ ਨੇ ਵੋਟ ?
ਹਾਂ,
ਜੇ ਇਸ ਲਈ ਕਿ ਰੋਟੀ 'ਤੇ ਲੱਗਿਐ,
ਤਾਂ ਤੁਸੀਂ ਬੇਵਕੂਫ਼ ਹੋ,
ਰੋਟੀ ਤਾਂ ਦੇਸ਼ ਦਿੰਦੈ, ਲੀਡਰ ਨਹੀਂ,
ਤੇ ਹਾਂ,
ਰਿਸ਼ਵਤ ਦੀ ਰੋਟੀ ਹਰਾਮ ਦੀ ਹੈ,
ਉਹਦੇ ਲਈ ਵੀ, ਤੁਹਾਡੇ ਲਈ ਵੀ।
ਨਾ ਭੀੜ ਵਧਾਓ,
ਨਾ ਭੀੜ ਬਣੋ,
ਲੁਟੇਰਿਆਂ ਲਈ।
ਤੁਹਾਨੂੰ ਰੋਟੀ ਦੇਣਾ,
ਉਸ ਲਈ ਭੀਖ ਨਹੀਂ,
ਤੇ ਨਾ ਹੀ ਤੁਸੀਂ ਮੰਗਤੇ ਹੋ,
ਹੱਕ ਹੈ ਤੁਹਾਡਾ।

ਕਿਉਂ ਅੱਡਦੇ ਹੋ ਹੱਥ,
ਕਿਉਂ ਰੋਲਦੇ ਹੋ ਪੱਗ,
ਕਿਉਂ ਮਰਦੇ ਹੋ ਨਿੱਤ,
ਕਿਉਂ ਭਜਦੇ ਹੋ ਪਿੱਛੇ,
ਰੋਟੀ ਲਈ?
ਦੋ ਦੀ ਥਾਂ ਇੱਕ ਖਾ ਲਓ।
ਫਿਰ ਕਿਉਂ,
ਕਿਉਂ ਕਰਦੇ ਓ ਦਰਿੰਦਿਆਂ ਦੇ ਦੰਦ ਮਜ਼ਬੂਤ,
ਖ਼ੁਦ ਪ੍ਰਤੀਨਿਧੀ ਬਣਾਓ,
ਰੋਟੀ ਮੰਗੋ ਨਾ,
ਰੋਟੀ ਵੰਡੋ,
ਵੰਡਣ ਵਾਲੇ ਬਣੋ,
ਆਪਣੀ ਤਾਕਤ ਪੈਦਾ ਕਰੋ,
ਪੈਦਾ ਕਰੋ।

## ਕਾਨੂੰਨ ਪਾਸ

ਤੇ ਅੱਜ,
ਇੱਕ ਹੋਰ ਕਾਨੂੰਨ ਪਾਸ ਹੋ ਕੇ ਲਾਗੂ ਹੋ ਗਿਆ,
ਸ਼ਾਇਦ ਦਫ਼ਤਰਾਂ ਵਿੱਚ, ਜਾਂ ਕਾਗਜ਼ਾਂ ਵਿੱਚ,
ਕਿਉਂਕਿ ਦੇਸ਼ਭਗਤਾਂ ਦੇ ਭਾਰਤ ਦੇਸ਼ ਵਿੱਚ,
ਕਨੂੰਨ ਅਮਲ ਵਿੱਚ ਆਉਂਦਿਆਂ,
ਦਹਾਕੇ ਜਾਂ ਸ਼ਾਇਦ ਸਦੀਆਂ ਲਗਦੀਆਂ ਨੇ।
ਤੇ ਸ਼ਾਇਦ,
ਹਾਥੀ ਦੀ ਪੈੜ 'ਚ ਹੋਵੇਗੀ ਸਭ ਦੀ ਪੈੜ,
ਗ਼ਰ ਕਹਿ ਦਈਏ, ਕਿ ਮੇਰੇ ਦੇਸ਼ ਵਿੱਚ,
ਕਨੂੰਨ ਬਣਦੇ ਨੇ ਤੇ ਰਾਹ ਖੁੱਲਦੇ ਨੇ,
ਕੁਰਾਹਾਂ ਲਈ, ਗੁਨਾਹਾਂ ਲਈ ਤੇ ਅਫ਼ਸਰਸ਼ਾਹਾਂ ਲਈ,
ਲੁੱਟ ਦੇ, ਫੁੱਟ ਦੇ, ਬੇਗੁਨਾਹਾਂ ਦੀ ਕੁੱਟ ਦੇ।

## ਸਰਕਾਰ ਵਾਲਿਆਂ ਨੂੰ

ਪ੍ਰਕਾਸ਼ ਸਿੰਘ ਜੀ ਹੋ, ਚਾਹੇ ਅਮਰਿੰਦਰ ਜੀ ਹੋ,
ਗੱਲ ਸੁਣੋ ਰੱਤਾ ਕੁ ਲਾਕੇ ਧਿਆਨ ਮੀਆਂ।
ਚਾਹੇ ਹੋ ਅਡਵਾਨੀ ਜਾਂ ਸੋਨੀਆ ਜੀ ਹੋ,
ਕਲਮ ਕਰੇ ਕੀ ਅੱਜ ਮੇਰੀ ਬਿਆਨ ਮੀਆਂ।

ਸਵਿੱਸ ਬੈਂਕਾਂ 'ਚ ਖਾਤੇ ਜੋ ਨੇ ਖੁੱਲ੍ਹ ਚੁੱਕੇ,
ਪੈਸੇ ਰੱਖੇ ਜਿਨ੍ਹਾਂ ਨੇ ਜੋੜ-ਜੋੜ ਕੇ ਜੀ,
ਜ਼ਰਾ ਲੁੱਟ ਹੋਇਆਂ ਵੱਲ ਵੀ ਨਜ਼ਰ ਮਾਰੋ,
ਸਾਹ ਘੁੱਟੋ ਨਾ ਸੰਘ ਮਚਕੋੜ ਕੇ ਜੀ।

ਕਦੇ ਦੇਖ ਲਓ ਸੌਂ ਫੁੱਟਪਾਥ ਉੱਤੇ,
ਲੱਖਾਂ ਲੋਕ ਜਿੱਥੇ ਨਿੱਤ ਸੌਂਵਦੇ ਨੇ,
ਭੁੱਖੇ ਪੇਟਾਂ ਕੋਲ ਕਾਹਦੀ ਤਰੱਕੀ ਏਥੇ,
ਕੁਝ ਸੌਂ ਜਾਂਦੇ ਤੇ ਕੁਝ ਰੋਂਵਦੇ ਨੇ।

ਬਣੀ ਸ਼ੀਸ਼ੇ ਦੀ ਦਸਵੀਂ ਮੰਜ਼ਿਲਾਤ ਉੱਤੇ,
ਐਵੇਂ ਫ਼ੜ੍ਹਾਂ ਤਰੱਕੀ ਦੀਆਂ ਮਾਰਦੇ ਹੋ,
ਜਾ ਕੇ ਓਥੇ ਵੀ ਦੇਖ ਤਾਂ ਲਵੋ ਕੇਰਾਂ,
ਜਿੱਥੇ ਜਾਣ ਤੋਂ ਨੱਕ ਸਵਾਰਦੇ ਹੋ।

ਤਾਰ ਦਿਓ ਪੈਸਾ ਸਭ ਹੱਕ ਵਾਲਿਆਂ ਨੂੰ,
ਦੇਸ਼ ਤੁਰੇਗਾ ਵਿਕਾਸ ਦੀ ਰਾਹ ਮੀਆਂ,
ਪੈਸਾ ਦੱਸ ਕੀ ਢਿੱਡ 'ਤੇ ਧਰ ਜਾਸੀ,
ਦੋ ਲੀਰਾਂ ਵਿੱਚ ਹੋਣਾ ਏ ਫ਼ਨਾਹ ਮੀਆਂ।

ਮੋਏ ਲੀਡਰ ਤੇ ਸਭ ਨੇ ਹੈ ਖੁਸ਼ ਹੋਣਾ,
ਜਾਤ ਤੁਹਾਡੀ ਮੱਛਾਂ ਦੇ ਹੰਝੂ ਰੋਣ ਡਹਿਣੀ,
ਜਿਹਨੂੰ ਪਤਾ ਹੈ ਤੁਹਾਡੀ ਜਾਤ ਬਾਰੇ,
ਉਹਨੇ ਜਿਉਂਦੇ ਨਾ ਮੋਇਆਂ ਦੀ ਬਾਤ ਲੈਣੀ।

## ਤਬਾਦਲੇ

ਖ਼ੁਦ ਦਾ ਹੀ ਘਰ ਭਰਨ ਲਈ,
ਆਪਣਿਆਂ ਦੇ ਕੰਮ ਕਰਨ ਲਈ,
ਹੁੰਦੇ ਨੇ ਤਬਾਦਲੇ।

ਆਪਣੇ ਹੀ ਮੁਲਕ ਦੀ ਲੁੱਟ ਲਈ,
ਕਿਸੇ ਅੜਨ ਵਾਲੇ ਦੀ ਕੁੱਟ ਲਈ,
ਹੁੰਦੇ ਨੇ ਤਬਾਦਲੇ।

ਵਿਰੋਧੀ ਧਿਰ 'ਚ ਭਾਜੜ ਪਾਉਣ ਦੇ ਲਈ,
ਜਾਂ ਮਨ ਆਈਆਂ ਚਲਾਉਣ ਦੇ ਲਈ,
ਹੁੰਦੇ ਨੇ ਤਬਾਦਲੇ।

ਕਿਸੇ ਘੁਟਾਲੇ ਨੂੰ ਬੰਨੇ ਲਾਉਣ ਦੇ ਲਈ,
ਜਾਂ ਕੀਤੇ ਕਿਸੇ ਛੁਪਾਉਣ ਦੇ ਲਈ,
ਹੁੰਦੇ ਨੇ ਤਬਾਦਲੇ।

ਈਮਾਨਦਾਰੀ ਨੂੰ ਠੱਲ ਪਾਉਣ ਖ਼ਾਤਰ,
ਰਿਸ਼ਵਤ ਦਾ ਕੰਮ ਕਢਾਉਣ ਖ਼ਾਤਰ,
ਹੁੰਦੇ ਨੇ ਤਬਾਦਲੇ।

ਖ਼ੁਦ ਨੂੰ ਸੌਖ਼ ਪੁਚਾਉਣ ਖ਼ਾਤਰ,
ਕੰਮਚੋਰਾਂ ਵਿੱਚ ਮਹਿਫ਼ਲ ਲਾਉਣ ਖ਼ਾਤਰ,
ਕਰਾਉਂਦੇ ਨੇ ਤਬਾਦਲੇ।

ਆਪਣਿਆਂ ਨੂੰ ਖ਼ੂਬ ਖਵਾਉਣ ਖਾਤਰ,
ਤੇ ਚੰਮ ਦੀਆਂ ਚਲਾਉਣ ਖਾਤਰ,
ਹੁੰਦੇ ਨੇ ਤਬਾਦਲੇ।

ਸੜਕਾਂ 'ਤੇ ਗੱਡੀਆਂ ਭਜਾਉਣ ਖਾਤਰ,
ਗੱਡੀਆਂ ਵਿੱਚ ਮਾਲ ਲੰਘਾਉਣ ਖ਼ਾਤਰ,
ਹੁੰਦੇ ਨੇ ਤਬਾਦਲੇ।

ਅਮੀਰਾਂ ਨੂੰ ਅਮੀਰ ਬਣਾਉਣ ਦੇ ਲਈ,
ਗ਼ਰੀਬਾਂ ਨੂੰ ਗੁਰਬਤ ਸਿਖਾਉਣ ਦੇ ਲਈ,
ਹੁੰਦੇ ਨੇ ਤਬਾਦਲੇ।

ਆਵਾਜ਼ ਕਰਾਰੀ ਨੱਪਣ ਦੇ ਲਈ,
ਕਿਸੇ ਤੁਰਦੀ ਲਹਿਰ ਨੂੰ ਠੱਪਣ ਦੇ ਲਈ,
ਹੁੰਦੇ ਨੇ ਤਬਾਦਲੇ।

ਕਿਸੇ ਸੋਚ ਨੂੰ ਖ਼ਾਕ ਬਣਾਉਣ ਦੇ ਲਈ,
ਸੋਚਣ ਵਾਲੇ ਨੂੰ ਰਾਖ਼ ਬਣਾਉਣ ਦੇ ਲਈ,
ਹੁੰਦੇ ਨੇ ਤਬਾਦਲੇ।

ਬੱਸ ਤਬਾਦਲੇ-ਤਬਾਦਲੇ,
ਲੁੱਟ ਦਾ ਨਾਂ ਹੈ ਤਬਾਦਲੇ।

## ਜਦੋਂ ਤੱਕ

ਜਦੋਂ ਤੱਕ, ਬੰਨੀ ਸੋਚ-ਆਮ ਬੰਦੇ ਦੀ,
ਨਹੀਂ ਅੱਪੜਦੀ ਸਿਖ਼ਰ-ਸਰਕਾਰੀ ਧੰਦੇ ਦੀ,
ਨਹੀਂ ਬਦਲੇਗਾ-ਸਮਾਜ।

ਜਦੋਂ ਤੱਕ ਸਰਕਾਰੇ ਦਰਬਾਰੇ-ਨਹੀਂ ਫੁੱਟਦਾ ਜਾਮ,
ਹੁੰਦਾ ਨਹੀਂ ਪਾਰਲੀਮੈਂਟ-ਖ਼ਾਸ ਤੋਂ ਆਮ,
ਲੁਟਦਾ ਰਹੇਗਾ-ਦੇਸ਼।

ਜਦੋਂ ਤੱਕ ਆਉਂਦਾ ਨਹੀਂ ਸਮਝ-ਲੋਕਤੰਤਰ,
ਭਾਰਤੀ ਲੋਕਾਂ ਦੀ ਸਮਝੋਂ ਪਰ੍ਹੇ-ਇਹ ਉਲੀਕਿਆ ਮੰਤਰ,
ਨਹੀਂ ਆਏਗਾ-ਲੋਕਤੰਤਰ।

ਜਦੋਂ ਤੱਕ ਨਹੀਂ ਮੁੱਕੇਗਾ-ਨਿੱਜ,
ਪੈਦਾ ਨਹੀਂ ਹੁੰਦਾ ਖ਼ਾਸ ਬੰਦਿਆਂ 'ਚ-ਦੇਸ਼ ਹਿੱਤ,
ਡਿਗਦਾ ਰਹੇਗਾ-ਮੁਲਕ,
ਡਿਗਦਾ ਰਹੇਗਾ-ਮੁਲਕ।

## ਗੇਟ ਤੋਂ ਦੇਸ਼ ਤੱਕ

ਅੱਜ ਫੇਰ ਜਦੋਂ ਹੋਸਟਲ ਦੇ ਗੇਟੋਂ ਨਿਕਲਿਆ,
ਦਰਬਾਨ ਸੁਸਤਾ ਰਿਹਾ ਸੀ,
ਮੇਰੇ ਦੇਸ਼ ਦੀ ਜਨਤਾ ਵਾਂਗ,
ਜਿਹੜੀ ਸੁਸਤ ਹੈ,
ਖ਼ੁਦ ਤੋਂ ਅਤੇ ਆਪਣੀ ਤਾਕਤ ਤੋਂ।
ਉਹੀਓ ਤਿੰਨ ਟੰਗਾਂ ਵਾਲਾ ਕੁੱਤਾ,
ਦੌੜ ਰਿਹਾ ਸੀ ਕਾਰ ਦੇ ਪਿੱਛੇ,
ਉਸੇ ਕਾਰ ਦੇ ਪਿੱਛੇ ਜਿਸਨੇ ਉਸਦੀ ਲੱਤ ਤੋੜੀ ਸੀ,
ਉਵੇਂ ਹੀ, ਜਿਵੇਂ ਮੇਰੇ ਦੇਸ਼ ਦੇ ਨੌਜਵਾਨ,
ਦੌੜਦੇ ਨੇ, ਰੋਟੀ ਲਈ।
ਤੇ ਮੰਡੀਹਰ ਦੇ ਰੌਲੇ ਵਾਂਗ,
ਰੌਲਾ ਪੈਂਦੈ,
ਧਰਮ ਦੇ ਨਾਂ 'ਤੇ,
ਵੋਟਾਂ ਦੇ ਨਾਂ 'ਤੇ,
ਤੇ ਹਰ ਰੋਜ਼ ਵਾਂਗ ਹੀ,
ਸੂਰਜ ਡੁੱਬਦੈ,
ਲੋਕਤੰਤਰ ਦਾ ਸੂਰਜ,
ਤੇ ਆਮ ਜਨਤਾ ਲਈ,
ਚਿੱਟੇ ਦਿਨ ਦੀ ਧੁੱਪ,
ਬਿਨਾਂ ਰੌਸ਼ਨੀ ਖਿੰਡਾਏ,
ਅਲੋਪ ਹੁੰਦੀ ਰਹਿੰਦੀ ਹੈ।

## ਕੀ ਉਮੀਦ ਕਰਾਂ

ਦੇਸ਼ ਦੀ ਤਰੱਕੀ ਦੇ ਵਾਰਿਸਾਂ ਤੋਂ,
ਕੀ ਉਮੀਦ ਕਰਾਂ।

ਕੀ ਉਮੀਦ ਕਰਾਂ ਉਨ੍ਹਾਂ ਤੋਂ,
ਜਿਨ੍ਹਾਂ ਨੂੰ ਕੁੜੀਆਂ ਨਾਲ ਗੱਲਾਂ ਕਰਨ ਤੋਂ ਬਿਨਾਂ,
ਵਿਹਲ ਹੀ ਨਹੀਂ।
ਵਿਹਲ ਹੀ ਨਹੀਂ ਇਹ ਸੋਚਣ ਦੀ,
ਕਿ ਦੇਸ਼ ਪ੍ਰਤੀ ਕੁਝ ਫ਼ਰਜ਼ ਵੀ ਨੇ।
ਵਿਹਲ ਹੀ ਨਹੀਂ ਅੰਗਰੇਜ਼ੀ ਦੇ ਲਫ਼ਜ਼,
"ਆਈ ਲਵ ਯੂ" ਬੋਲਣ ਤੋਂ ਬਿਨਾਂ।
ਹਾਂ, ਪਿਆਰ ਦੀ ਪਵਿੱਤਰਤਾ ਨੂੰ,
ਜ਼ਰੂਰ ਗੰਧਲਾ ਕਰ ਦਿੱਤੈ,
ਮੇਰੇ ਦੇਸ਼ ਦੇ ਜਵਾਨ ਆਸ਼ਕਾਂ ਨੇ।

ਕੀ ਉਮੀਦ ਕਰਾਂ ਮੈਂ,
ਐਸੇ ਸੜਕਛਾਪ ਮਜਨੂੰਆਂ ਦੀ ਟੋਲੀ ਤੋਂ,
ਜਿਨ੍ਹਾਂ ਨੇ ਆਸ਼ਿਕ ਲਈ ਇਸ਼ਕ,
ਤੇ ਇਸ਼ਕ ਲਈ ਆਸ਼ਿਕ ਨਹੀਂ ਛੱਡੇ।

## ਸਵਾਲ

ਹਿੰਦੁਸਤਾਨ ਦੇ ਮੁਖ਼ਾਤਬ ਹੋ,
ਮੈਂ ਪੁੱਛਦਾ ਹਾਂ ਕਿ,
ਕੀ ਪਿਤਾ ਪੁਰਖੀ ਹੁੰਦੀ ਹੈ ਸਰਕਾਰ?
ਕੀ ਕੁਝ ਦਰਾਂ ਵਿੱਚ ਹੀ ਲੱਗੂਗਾ ਦਰਬਾਰ?
ਕੀ ਮੇਰੇ ਦੇਸ਼ 'ਤੇ ਰਾਜ ਕਰਨਗੇ ਬਸ ਕੁਝ ਪਰਿਵਾਰ?
ਕੀ ਹਰ ਵਾਰ ਹੋਣਗੇ ਵੋਟਾਂ ਦੇ ਉਹੀ ਖਰੀਦਦਾਰ?
ਕੀ ਤਰੱਕੀ ਦੇ ਨਾਂ 'ਤੇ ਬਸ ਖਾਣ ਦੀ ਯੋਜਨਾ,
ਇਹੀਓ ਹੀ ਹੈ ਕੰਮ-ਕਾਰ?
ਕੀ ਕੁਝ ਪਰਿਵਾਰਾਂ 'ਚ ਹੀ ਨੇ,
ਬਸ ਤੇ ਬਸ ਦੇਸ਼ਭਗਤ ਗ਼ੱਦਾਰ?
ਪੁਛਦਾ ਹਾਂ ਕਿ,
ਕਿੱਥੇ ਹੈ ਲੋਕਤੰਤਰ ਦੀ ਲਲਕਾਰ?
ਆਮ ਜਨਤਾ ਦੇ ਰੋਹ ਵਾਲੀ ਕਿੱਥੇ ਹੈ ਤਲਵਾਰ?
ਜੁੜੋ-ਭਿੜੋ ਤੇ ਸਾਂਭੋ ਹਿੰਦ,
ਸਭ ਹੋਵੋ ਹੁਣ ਤਿਆਰ-ਬਰ-ਤਿਆਰ।

## ਕਿਰਤੀਓ ਕਿਰਸਾਨੋ

ਕਿਰਤੀਓ ਕਿਰਸਾਨੋ,
ਨਵੇਂ ਨੌਜਵਾਨੋ,
ਐਵੇਂ ਰੌਲਾ ਨਾ ਪਾਓ,
ਕਿ ਸਰਕਾਰ ਕਾਰ ਨਹੀਂ ਕਰਦੀ।
ਕਾਰੇ ਕਰਦੀ ਤਾਂ ਹੈ,
ਕਾਰਾਂ ਵਿੱਚ ਬਹਿ ਕੇ,
ਕਾਰੇਵੰਨੀ ਹੋਈ ਕਰਤਾਰੀ ਤਾਂ ਹੈ,
ਕਰਤਾਰਾਂ ਨੂੰ ਚਾਹੁਣ ਵਾਲੀ।
ਕੁਝ ਚਾਹੁੰਣ ਵਾਲਿਓ,
ਸੰਘ ਬਣਾਉਣ ਵਾਲਿਓ,
ਐਵੇਂ ਰੌਲਾ ਨਾ ਪਾਓ,
ਕਿ ਸਰਕਾਰ ਹੱਕ ਨਹੀਂ ਦਿੰਦੀ,
ਹੱਕ ਦਿੰਦੀ ਤਾਂ ਹੈ ਤੁਹਾਨੂੰ,
ਹੱਕ ਖੋਹਣ ਵਾਲੇ ਬਣੋ,
ਹੱਕ ਹੈ ਤਾਂ ਹੈ ਸਭਨੂੰ
ਹੱਕ ਬਣਾਉਣ ਵਾਲੇ ਬਣੋ।

## ਬਜ਼ਾਰ

ਸੱਚ,
ਇਮਾਨਦਾਰੀ ਤੇ ਜ਼ਮੀਰ,
ਰੇੜ੍ਹੀਆਂ 'ਤੇ ਲੱਗੇ ਨੇ।
ਵਿਕਦੇ ਨੇ,
ਬੀੜੀ ਤੋਂ ਲਾ ਕੇ,
ਬੰਗਲਿਆਂ ਦੇ ਭਾਅ ਵਿੱਚ।
ਗ੍ਰਾਹਕ ਖੁਸ਼,
ਵਿਕ੍ਰੇਤਾ ਵੀ ਖ਼ੁਸ਼,
ਤੇ ਪਿਸਦੀ ਹੈ ਆਮ ਜਨਤਾ।
ਤੇ ਇਸ ਤਰ੍ਹਾਂ ਦੇ ਬਜ਼ਾਰ,
ਸਥਾਪਿਤ ਹਨ,
ਹਰ ਸ਼ਹਿਰ ਵਿੱਚ,
ਸਰਕਾਰੀ ਦਫ਼ਤਰਾਂ ਦੇ ਨਾਂਅ 'ਤੇ।

## ਗ਼ਰੀਬ ਦੀ ਕੁੜੀ ਨੂੰ...

ਗਰੀਬ ਦੀ ਕੁੜੀ ਦੀ ਗੱਲ ਸੁਣਦਾ ਨੀਂ ਕਿਤੇ ਕੋਈ,
ਮੇਰੇ ਦਿਲੋਂ ਸੁਣੋ ਜ਼ਰਾ ਉਹ ਕੀ ਕਹਿੰਦੀ ਏ।

ਗ਼ਰੀਬ ਦੀ ਕੁੜੀ ਜੇ ਕਿਤੇ ਕੱਖ ਖੋਤੇ ਵੱਟਾਂ ਉੱਤੋਂ,
ਮਾੜੇ ਜੱਟਾਂ ਦੀ ਨੀਅਤ ਓਥੇ ਜਾ ਖਹਿੰਦੀ ਏ।

ਗ਼ਰੀਬ ਦੀ ਕੁੜੀ ਦਾ ਕਿਤੇ ਹੁਸਨ ਜੇ ਹੋਵੇ,
ਐਵੇਂ ਨਜ਼ਰਾਂ 'ਚ ਇਜ਼ਤ ਗੁਆ ਬਹਿੰਦੀ ਏ।

ਗ਼ਰੀਬ ਦੀ ਕੁੜੀ ਨੂੰ ਕਾਹਦਾ ਚਾਹ ਹੁੰਦਾ ਸ਼ਗਨਾਂ ਦਾ,
ਬੱਸ ਪਾਟੀਆਂ ਬਿਆਈਆਂ ਭਰ ਦਿੰਦੀ ਮਹਿੰਦੀ ਏ।

ਗ਼ਰੀਬ ਦੀ ਕੁੜੀ ਤਾਂ ਬੱਸ ਉੱਠਦੀ ਹੈ ਰੂੜੀਆਂ ਤੋਂ,
ਗੋਹੇ ਨਾਲ ਖ਼ਪ, ਪਾਥੀਆਂ 'ਚ ਜਾ ਢਹਿੰਦੀ ਏ।

ਗ਼ਰੀਬ ਦੀ ਕੁੜੀ ਜੇ ਰੁਲੇ ਕੋਈ ਪਰਵਾਹ ਹੈ ਨਹੀਂ,
ਅਮੀਰ ਦੀ ਰੁਲ਼ੇ ਤਾਂ ਖੱਪ ਬਹੁਤ ਪੈਂਦੀ ਏ।

ਗ਼ਰੀਬ ਦੀ ਕੁੜੀ ਨੀਂ ਹਾਲੇ ਬਣੀ ਪੁੜੀ ਕਿਸਮਤ ਵਾਲੀ,
ਉਹਨੂੰ ਪੁੱਛੋ ਜ਼ਰਾ ਜਾਕੇ ਜਿਹਦੇ ਘਰ ਰਹਿੰਦੀ ਏ।

ਗ਼ਰੀਬ ਦੀ ਕੁੜੀ ਦੇ ਘਰ, ਆਪਣੇ ਜਾਂ ਜੰਮੀ ਧੀ ਦੇ,
ਓਏ ਦਾਜ-ਵਰੀ ਹਿਤ ਮੰਜੀ ਨਿੱਤ ਡਹਿੰਦੀ ਏ।

ਗ਼ਰੀਬ ਦੀ ਕੁੜੀ ਹੀ ਲੱਗੇ ਸਭ ਨਾਲੋਂ ਚੁੱਪ ਅੱਜ,
ਨਾ ਜਾਣੇ ਤੂੰ 'ਘੁਮਾਣਾ' ਕੀ ਉਹ ਦੁੱਖ ਸਹਿੰਦੀ ਏ।

## ਸੱਚ ਬੋਲਦੀਆਂ ਕਵਿਤਾਵਾਂ

ਮੈਂ ਆਪਾ ਨਾਂਅ ਕਰ ਦਿੱਤਾ,
ਕੁਝ ਸੱਚ ਬੋਲਦੀਆਂ ਕਵਿਤਾਵਾਂ ਨੂੰ।
ਉਹ ਆਪਾ ਜੋ ਕਿਸੇ ਲਈ,
ਬੇਵਫ਼ਾ ਹੋ ਗਿਆ,
ਤੇ ਕਿਸੇ ਲਈ ਵਫ਼ਾ ਬਣ ਗਿਆ।
ਉਹ ਸੱਚ ਬੋਲਦੀਆਂ ਕਵਿਤਾਵਾਂ,
ਜਿਨ੍ਹਾਂ ਦੀਆਂ ਜੀਭਾਂ 'ਚ ਜ਼ਹਿਰ ਐ ਕਿਸੇ ਲਈ,
ਤੇ ਉਹ ਨਹੀਂ ਚਾਹੁੰਣਗੇ,
ਕਿ ਕਵਿਤਾਵਾਂ ਸੱਚ ਬੋਲਣ।
ਕਾਤਲਾਂ ਨੂੰ ਕਤਲ ਕਰਨ ਲਈ,
ਬੋਲਦੀਆਂ ਕਵਿਤਾਵਾਂ ਨੂੰ
ਕਤਲ ਕਰਨ ਦੀ ਸਾਜਿਸ਼ ਮੜੀ ਜਾਂਦੀ ਐ,
ਜਿਸ 'ਚ ਸ਼ਰੀਕ ਹੋ ਜਾਂਦੇ ਨੇ,
ਆਹ ਸਾਡੇ ਈ ਚਿੱਟ ਕਪੜੀਏ।
ਤੇ ਫੇਰ ਸਲੀਬ 'ਤੇ ਚਾੜ੍ਹ ਦਿੱਤਾ ਜਾਂਦੈ,
ਕਵਿਤਾ ਬਣੀ ਲੇਖਕ ਦੀ ਸੋਚ ਨੂੰ,
ਤੇ ਗੋਲੀ ਨਾਲ ਵਿੰਨ ਦਿੱਤਾ ਜਾਂਦੈ,
ਸੋਚ ਦੀ ਮਲਕੀਅਤ ਰੱਖਣ ਵਾਲੇ ਦਾ ਸਿਰ।
ਹਾਂ, ਓਵੇਂ ਹੀ,
ਜਿਵੇਂ 'ਫਖ਼ਰ ਜ਼ਮਾਨ' ਦਾ ਬੰਦੀਵਾਨ,
ਸੱਚਮੁੱਚ ਹੀ ਬੰਦੀ ਬਣਾ ਦਿੱਤਾ ਗਿਆ,
ਕਿਉਂਕਿ ਚਿਟ ਕੱਪੜੀਆਂ ਨੂੰ,
ਸੱਚ ਗਵਾਰਾ ਨਹੀਂ।

## ਜਵਾਨੋ .....

ਹੋਇਆ ਕਿਧਰੇ ਖਾਮੋਸ਼ ਤੇਰਾ,
ਓਏ ਕੱਢ ਜਵਾਨਾ ਜੋਸ਼ ਤੇਰਾ,
ਦੇ ਤੋੜ ਜ਼ੁਲਮ ਦਿਆਂ ਹੁਕਮਾਂ ਨੂੰ,
ਬੜਾ ਵੱਡਾ ਹੈ ਆਗੋਸ਼ ਤੇਰਾ।

ਆਓ ਖਿੰਡਿਓ ਪੁੰਡਿਓ ਮੁੰਡਿਓ ਓਏ,
ਜਾਬਰ ਸਰਕਾਰ ਲਈ ਗੁੰਡਿਓ ਓਏ,
ਬਣੋ ਅਰਜਣ ਚੁੱਕ ਕਮਾਨ ਤੁਰੋ,
ਜ਼ਾਲਮ ਦੀ ਅੱਖ ਹੁਣ ਢੂੰਡਿਓ ਓਏ।

ਚਲੋ ਤੁਰੋ ਤਾਂ ਕੁੜੀਓ ਅੱਗੇ ਹੋ,
ਸੋਧ ਦਿਓ ਸਭ ਢੱਗੇ ਹੋ,
ਬਣੋ ਲਕਸ਼ਮੀ ਬਣੋ ਭਾਗੋ ਮਾਈ,
ਥੋਨੂੰ ਦੇਖ ਉਹ ਜਾਵਣ ਬੱਗੇ ਹੋ।

ਬਾਬਿਆਂ ਦੀ ਗੱਲ ਮਨਜ਼ੂਰੀ ਏ,
ਇਸ ਜੋਸ਼ ਨੂੰ ਹੋਸ਼ ਜ਼ਰੂਰੀ ਏ,
ਬਾਬੇ ਵੀ ਚੁੱਕਣ ਖੂੰਡੇ ਤੇ,
ਹੈ ਬਹੁਤ ਜ਼ਰੂਰ ਹਜ਼ੂਰੀ ਏ।

ਹੁਣ ਪੇਂਡੂ ਸ਼ਹਿਰੀ ਉੱਠੋ ਓਏ,
ਜ਼ਾਲਮ ਨੂੰ ਫੜ-ਫੜ ਕੁੱਟੋ ਓਏ,
ਸਭ ਛੋਟੇ ਵੱਡੇ ਇੱਕ ਹੋ ਜਾਓ,
ਬਣ ਜ਼ੁਲਮ ਜ਼ਾਲਮ 'ਤੇ ਟੁੱਟੋ ਓਏ।

ਹੈ ਕਹਿਣ ਨੂੰ ਆਪਣਾ ਰਾਜ ਏਥੇ,
ਪਰ ਹੁੰਦਾ ਕੀ ਕੰਮ-ਕਾਜ ਏਥੇ,
ਸਭ ਜਾਣਦੇ ਹੋ, ਹੁਣ ਕਰੋ ਇਹ,
ਆਪਣੇ ਸਿਰ ਪਹਿਨੋ ਤਾਜ ਏਥੇ।

## ਤਰੱਕੀ ਦਾ ਪਾਠ

ਪੜ੍ਹਿਆਂ ਨੂੰ ਨਾ ਪੜ੍ਹਾਓ,
ਤਰੱਕੀ ਦਾ ਪਾਠ।
ਪੜ੍ਹੇ ਹੋਏ ਲੋਕਾਂ ਦੇ ਇਕੱਠ ਵਿੱਚ,
ਨਾ ਪਾਓ ਰੌਲਾ,
ਕਾਨਫਰੰਸਾਂ ਤੇ ਸੈਮੀਨਾਰਾਂ ਦਾ।
ਪੜ੍ਹੇ ਲਿਖੇ ਲੋਕ,
ਕਾਨਫਰੰਸਾਂ ਤੇ ਸੈਮੀਨਾਰਾਂ ਵਿੱਚ,
ਹੱਲ ਕਰਦੇ ਨੇ ਆਪਣੀਆਂ ਹੀ ਮੁਸ਼ਕਿਲਾਂ,
ਤੇ ਜੇ ਗੱਲ ਹੁੰਦੀ ਹੈ,
ਆਮ ਆਦਮੀ ਦੀ, ਗ਼ਰੀਬ ਦੀ,
ਤਾਂ ਕਾਗਜ਼ਾਂ ਵਿੱਚ।
ਫਿਰ ਆਪੇ ਹੀ ਸ਼ੁਰੂ ਕਰਕੇ,
ਆਪੇ ਹੀ ਮੁਕਾ ਜਾਂਦੇ ਨੇ,
ਤਰੱਕੀ ਦੇ ਪਾਠਾਂ ਦੀ ਗੱਲ,
ਸਾਡੇ ਚਿੰਤਕ, ਲੇਖਕ ਤੇ ਪ੍ਰਤੀਨਿਧੀ।
ਇਹਨਾਂ ਦੁਆਰਾ ਪੜ੍ਹਿਆ ਤਰੱਕੀ ਦਾ ਪਾਠ,
ਇਨ੍ਹਾਂ ਦੀ ਹੀ ਤਰੱਕੀ 'ਤੇ ਜਾ ਨਿੱਬੜਦੈ।
ਤੇ ਫੇਰ,
ਕਾਨਫਰੰਸ ਹਾਲਾਂ ਵਿੱਚੋਂ,
ਖਾ-ਪੀ ਕੇ ਠਹਾਕੇ ਲਾਉਂਦੇ,
ਨਿੱਕਲ ਆਉਂਦੇ ਨੇ ਬਾਹਰ,
ਰੋਜ਼ ਦੀ ਕੋਹਲੂ ਦੇ ਬਲ਼ਦ ਵਾਲੀ ਜ਼ਿੰਦਗੀ ਵਿੱਚ।
ਹਾਂ, ਲੋੜ ਹੈ ਤਰੱਕੀ ਦਾ ਪਾਠ ਪੜ੍ਹਾਉਣ ਦੀ,
ਬਸਾਂ ਵਿੱਚ ਰਾਵਣ ਹੱਥਾ ਫੜਕੇ ਗਾਉਣ ਵਾਲਿਆਂ ਨੂੰ,
ਢਾਬਿਆਂ ਦੇ ਜੂਠੇ ਭਾਂਡੇ ਧੋਣ ਵਾਲਿਆਂ ਨੂੰ,
ਬਾਟਿਆਂ ਵਿੱਚ ਦਸੀਆਂ-ਪੰਜੀਆਂ ਖੜਕਾਉਣ ਵਾਲਿਆਂ ਨੂੰ,
ਮੰਗਤੀਆਂ ਨੂੰ ਲਾਲਚ ਦੇ ਕੇ ਭਰਮਾਉਣ ਵਾਲਿਆਂ ਨੂੰ,
ਫੇਰ ਉਨ੍ਹਾਂ ਕੁੱਖੋਂ ਜੰਮੇ-ਅਣਜੰਮੇਂ ਆਉਣ ਵਾਲਿਆਂ ਨੂੰ,
ਰੱਬ ਦੀ ਰਜ਼ਾ 'ਚ ਆਏ ਨੂੰ ਪਰਵਾਉਣ ਵਾਲਿਆਂ ਨੂੰ,
ਗਰਮੀ ਜਾਂ ਠੰਢ ਵਿੱਚ ਮੌਤ ਦੀ ਨੀਂਦਰ ਸੌਣ ਵਾਲਿਆਂ ਨੂੰ,
ਸਰਕਾਰੀ ਹੱਥ ਦੀ ਮਿਹਰ ਨਾਲ ਜਲ਼ ਹੋਣ ਵਾਲਿਆਂ ਨੂੰ।

## ਫ਼ਰਕ

੩੦ ਸਾਲ ਕਈ ਬੰਦੇ ਅਤੇ ੩੦ ਸਾਲ ੧ ਬੰਦਾ,
ਸਰਵ ਉੱਚ ਅਹੁਦੇਦਾਰ ਅਤੇ ਸਫ਼ਾਈ ਸੇਵਕ,
ਕੁਰਸੀ ਅਤੇ ਫ਼ਰਸ਼,
ਮਹਿੰਗੀ ਕਾਰ ਅਤੇ ਸਾਈਕਲ,
ਉਸਤਤ, ਪ੍ਰਸ਼ੰਸਾ ਅਤੇ ਗ਼ਾਲਾਂ ਤੇ ਹੀਣਤਾ,
ਲੋਕ ਪੈਰਾਂ ਹੇਠ ਅਤੇ ਲੋਕਾਂ ਦੇ ਪੈਰਾਂ ਹੇਠ,
ਨਾਂ ਤਖ਼ਤੀਆਂ ’ਤੇ ਅਤੇ ਨਾਂ ਫਟੇ ਰਜਿਸਟਰ ’ਤੇ,
ਲੁੱਟ-ਖਸੁੱਟ ਤੇ ਤਨਖਾਹ ਅਤੇ ਮਹਿਜ਼ ੫000,

| | | |
|---|---|---|
| ਐਸ਼, ਕੈਸ਼ ਨੌਕਰੀ | | ਗ਼ਰੀਬੀ, ਛੋਟਾ ਘਰ, |
| ਤੇ ਪਰਿਵਾਰ, | | ਅਤੇ ਤੇ ਬੱਚੇ ਬੇਰੁਜ਼ਗਾਰ |
| ਸੇਵਾਨਵ੍ਰਿਤੀ, ਖ਼ੁਸ਼ੀ ਤੇ | | ਸੇਵਾਨਵ੍ਰਿਤੀ, ਕਮਾਈ ਦੀ ਸੋਚ |
| ਮਾਇਆ ਦੇ ਗੱਫੇ | ਅਤੇ | ਅਤੇ ਗ਼ਰੀਬੀ ਦੇ ਧੱਫ਼ੇ, |
| ਦੇਸ਼ ਦੀ ਤਰੱਕੀ ਕਰਨ ਵਾਲਾ | ਅਤੇ | ਹੀਣ ਨਿਗ਼ਾਹਾਂ ਦਾ ਭਾਗੀ |
| | | ਮਹਿਜ਼ ਸਫ਼ਾਈ ਸੇਵਕ, |
| ਜਿਉਂਦੇ ਜੀਅ ਨੀਂਹ ਪੱਥਰ | | |
| ਪਿੱਛੋਂ ਸਸਥਾਨਾਂ ਦੇ ਫੱਟੇ | ਅਤੇ | ਗੁੰਮਨਾਮ ਜ਼ਿੰਦਗੀ ਤੇ |
| | | ਗੁੰਮਨਾਮ ਮੌਤ। |

## ਝੌਂਪੜੀ

ਨਿੱਕਾ ਜਿਹਾ ਸਾਂ,
ਤੇ ਹਰ ਛੋਟੇ ਬੱਚੇ ਵਾਂਗੂੰ,
ਵਾਹੁੰਦਾ ਰਹਿੰਦਾ ਸਾਂ ਝੌਂਪੜੀਆਂ,
ਕਾਗਜ਼ 'ਤੇ ਰੰਗਾਂ ਨਾਲ।
ਸੋਚਦਾ ਸਾਂ,
ਵਾਹ! ਕਿਆ ਨਜ਼ਾਰਾ ਹੋਣੈ,
ਝੌਂਪੜੀਆਂ ਦੀ ਜ਼ਿੰਦਗੀ ਦਾ।
ਪਰ,
ਪਹਾੜਾਂ 'ਚ ਵੀ, ਪਠਾਰਾਂ 'ਚ ਵੀ,
ਮਾਰੂਥਲਾਂ 'ਤੇ, ਮੈਦਾਨਾਂ 'ਚ ਵੀ,
ਕੋਈ ਜੂਨ ਨਹੀਂ ਰਹਿ ਗਈ,
ਮਾਨਣ ਦੀ ਝੌਂਪੜੀਆਂ ਵਿੱਚ।
ਇਹਨਾਂ 'ਚ ਵਸਦੇ,
ਕੰਗਾਲ, ਬੇਹਾਲ ਤੇ ਬੇਤਾਲ।
ਸਭ ਸ਼ਾਮਿਲ ਨੇ ਗ਼ਰੀਬੀ ਰੇਖ਼ਾ ਤੋਂ ਹੇਠਾਂ,
ਤੇ ਸਭ ਹੀ ਨੇ,
ਅਪੌਸ਼ਟਿਕ ਆਹਾਰੀ।
ਪਾਟੇ ਚੀਥੜਿਆਂ 'ਚ ਲਿਪਟੇ,
ਉਹ ਲੋਕ, ਉਹ ਬੱਚੇ,
ਕਿਸੇ ਅੱਖ ਨੂੰ ਨਹੀਂ ਭਾਉਂਦੇ,
ਸਭ ਹੀਣਤਾ ਦੀ ਨਿਗ੍ਹਾ ਨਾਲ ਦੇਖਦੇ,
ਓ.... ਹੋ.... ਆਖ,
ਮੱਥੇ ਤਿਉੜੀਆਂ ਪਾ ਤੁਰ ਜਾਂਦੇ।
ਤੇ ਝੌਂਪੜੀਆਂ ਵਿੱਚ ਵਸਦੀਆਂ ਜ਼ਿੰਦਗੀਆਂ,
ਹੁਣ ਉਹੀਓ ਛੋਟੇ ਬੱਚਿਆਂ ਨੂੰ ਜ਼ਿੰਦਗੀ 'ਚ ਨਹੀਂ ਲਗਦੀਆਂ।

## ਲੱਤਾਂ ਅਤੇ ਹੱਥ

ਜਿਉਂਦੀਆਂ ਰਵ੍ਹੋ ਮੇਰੀਓ ਲੱਤੋ,
ਕਿਉਂ ਜੋ ਤੁਰੀਆਂ ਰਹਿੰਦੀਆਂ ਹੋ,
ਬੇਵਜ੍ਹਾ ਹੀ,
ਦਿਮਾਗ ਦੀ ਰਚੀ ਮੰਜ਼ਿਲ ਵੱਲ।
ਠੀਕ, ਉਸੇ ਜਨਤਾ ਵਾਂਗ,
ਜਿਹੜੀ ਅੰਨ੍ਹੀ ਹੋਈ,
ਤੁਰੀ ਰਹਿੰਦੀ ਹੈ,
ਦੇਸ਼ ਖਾਣ ਵਾਲੇ ਕੁੱਤਿਆਂ ਦੇ ਮਗਰ।
ਜਿਉਂਦੇ ਰਵ੍ਹੋ ਮੇਰਿਓ ਹੱਥੋ,
ਕਿਉਂ ਜੋ ਆਹਰੇ ਲੱਗੇ ਹੋ,
ਪੈਸਾ ਕਮਾਉਣ ਤੇ ਜਿਉਣ ਨੂੰ,
ਦਿਮਾਗ ਦੇ ਮਿੱਥੇ ਨਿਸ਼ਾਨੇ ਥੱਲੇ।
ਉਸੇ ਹੀ ਜਨਤਾ ਵਾਂਗ,
ਜਿਹੜੀ ਲੱਗੀ ਰਹਿੰਦੀ ਹੈ,
ਤਾਕਤਾਂ ਦੇ ਥੱਲੇ,
ਪਹਿਲਾਂ ਨੋਟ ਫੜਾਉਣ ਵਿੱਚ,
ਫੇਰ ਹੱਥ ਫੈਲਾਉਣ ਵਿੱਚ।

## ਕੀ ਇਹ ਸਹੀ ਹੈ

ਲਿਬੜੇ-ਤਿਬੜੇ ਮੈਲੇ ਚਿਥੜੇ,
ਤੇ ਹੱਥੀਂ ਬਾਂਸ ਦਾ ਝਾੜੂ,
ਸਭ ਨੂੰ ਦੁਆ ਸਲਾਮ ਵਜਾਉਂਦਾ,
ਤੇ ਆਪ ਵਜੇਂਦਾ ਏ ਮਾੜੂ।

ਸੋਹਣੇ ਬੂਟ ਤੇ ਮਹਿੰਗੇ ਸੂਟ,
ਹੱਥਾਂ ਵਿੱਚ ਕਲਮਾਂ ਫੜਦੇ,
ਜਿੱਡੀ ਕੁਰਸੀ ਓਡਾ ਮੰਤਰੀ,
ਤੇ ਓਨੇ ਈ ਲੋਕ ਨੇ ਖੜ੍ਹਦੇ।

ਇੱਕ ਕਾਮਾ ਪੈਰਾਂ ਦੇ ਥੱਲੇ,
ਇੱਕ ਦੇ ਪੈਰਾਂ ਹੇਠਾਂ,
ਇੱਕ ਦਾ ਕਾਰਜ ਨੀਚ ਕਹਾਵੇ,
ਇੱਕ ਦਾ ਕਾਰਜ ਸੇਠਾਂ।

ਝਾੜੂ ਦਾ ਕੰਮ ਹੇਠੀ ਤੇ ਹੀਣਤ,
ਬੱਸ ਗਰਦ ਹੈ ਫੱਕੀ,
ਖਾਣ, ਲੁੱਟਣ ਤੇ ਕੰਮ ਚਲਾਉਣ ਦਾ,
ਕਾਮਾ ਤੇ ਕੰਮ ਤਰੱਕੀ।

ਵਾਹ-ਵਾਹ ਤੇ ਵਾਹ ਮੰਤਰੀ ਦੇ ਹਿੱਸੇ,
ਖਾਵੇ ਤੇ ਢੇਰੀਆਂ ਲਾਵੇ,
ਓ-ਹੋ! ਗਾਲਾਂ ਤੇ ਮੱਥੇ ਤਿਊੜੀਆਂ,
ਉਹਨੂੰ ਜੋ ਗੰਦ ਹਟਾਵੇ।

ਕੀ ਇਹੀ ਸਹੀ ਹੈ? ਪੁੱਛਦਾ ਹਾਂ ਮੈਂ,
ਓ ਪੜ੍ਹਨ ਵਾਲਿਓ ਤੁਹਾਤੋਂ,
ਬੇਕਦਰੇ ਹੋਏ ਕਿਉਂ ਕਦਰ ਨਹੀਂ ਕਰਦੇ,
ਮਿਹਨਤ ਦਾ ਮੁੱਲ ਨਹੀਂ ਕਾਹਤੋਂ।

## ਜਾਗ ਨੀ ਭੀੜੇ

ਨੀ ਹੁਣ ਜਾਗ ਨੀ ਭੀੜੇ ਜਾਗ,
ਤੇਰੇ ਮੱਥੇ ਲੱਗੇ ਭਾਗ,
ਗਾ ਦੇ ਗਗਨ ਭੇਦੀ ਕੋਈ ਰਾਗ,
ਉਡਾ ਦੇ ਚੁੰਡਣ ਵਾਲੇ ਕਾਗ ਨੀ।

ਨੀ ਹੁਣ ਜਾਗ ਨੀ ਭੀੜੇ ਜਾਗ,
ਗੰਧਲੇ ਕੀਤੇ ਜੋ ਪੰਜ ਆਬ,
ਲੁੱਟ-ਖਸੁੱਟ ਕੀਤਾ ਪੰਜਾਬ,
ਦੇ ਕੋਈ ਬੂਥਾ ਤੋੜ ਜਵਾਬ ਨੀ।

ਨੀ ਹੁਣ ਜਾਗ ਨੀ ਭੀੜੇ ਜਾਗ,
ਬਣ ਜਾ ਜ਼ਹਿਰੀ ਫ਼ਨੀਅਰ ਨਾਗ,
ਝੂਮ ਨਾਂ ਬੀਨਾਂ ਵਾਲੇ ਰਾਗ,
ਡੰਗ ਦੇ ਜੋਗੀ ਦੇ-ਦੇ ਦਾਗ ਨੀ।

ਨੀ ਹੁਣ ਜਾਗ ਨੀ ਭੀੜੇ ਜਾਗ,
ਫ਼ੇਹ ਦੇ ਡੰਗ ਚਲਾਉਣੇ ਨਾਗ,
ਖ਼ੇਡ ਲੈ ਮੌਤ ਨਾਲ ਤੂੰ ਫਾਗ,
ਕਰ ਜਾਹ ਹਰੇ ਜਿਊਣ ਦੇ ਬਾਗ਼ ਨੀ।